Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 08 06/05/2025 www.samajweekly.com samajweekly @samajweekly samajweekly

# ਡੈਮ ਸੇਫਟੀ ਐਕਟ 2021' ਖ਼ਿਲਾਫ਼ ਮਤਾ ਵਿਧਾਨ ਸਭਾ 'ਚ ਪਾਸ

## ''ਪਾਣੀ ਉੱਤੇ ਪੰਜਾਬ ਦਾ ਹੱਕ ਹੈ ਅਤੇ ਅਸੀਂ ਪਾਣੀ ਦੀ ਇਕ ਵੀ ਬੂੰਦ ਨਹੀਂ ਦੇਵਾਂਗੇ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿਧਾਨ ਸਭਾ ਨੇ ਅੱਜ ਸਰਬਸਮੰਤੀ ਨਾਲ ਮਤਾ ਪਾਸ ਕੀਤਾ ਕਿ ਪੰਜਾਬ ਦਰਿਆਈ ਪਾਣੀਆਂ ਦੀ ਵੰਡ ਬਾਰੇ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਦੇ ਕਿਸੇ ਵੀ ਫੈਸਲੇ ਨੂੰ ਨਹੀਂ ਮੰਨੇਗਾ।

ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਪੇਸ਼ ਕੀਤੇ ਮਤੇ ’ਤੇ ਹੋਈ ਬਹਿਸ ਵਿੱਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੀ.ਬੀ.ਐਮ.ਬੀ. ਦਾ ਗਠਨ ਅਸਲ ਵਿੱਚ ਸਤਲੁਜ ਤੇ ਬਿਆਸ ਦੇ ਪਾਣੀਆਂ ਦੇ ਪ੍ਰਬੰਧਨ ਲਈ ਹੋਇਆ ਸੀ। ਇਹ ਦੋਵੇਂ ਦਰਿਆ ਪੰਜਾਬ ਵਿੱਚ ਵਹਿੰਦੇ ਹਨ ਜਿਸ ਕਰਕੇ ਇਨ੍ਹਾਂ ਪਾਣੀਆਂ ’ਤੇ ਪੂਰੀ ਤਰ੍ਹਾਂ ਪੰਜਾਬ ਦਾ ਹੱਕ ਹੈ। ਹਰਿਆਣਾ ਜਾਂ ਰਾਜਸਥਾਨ ਦਾ ਇਨ੍ਹਾਂ ਨਦੀਆਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੀ.ਬੀ.ਐਮ.ਬੀ. ਦੇ ਜ਼ਰੀਏ ਕਈ ਸਾਲਾਂ ਤੋਂ ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਵੰਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਭਾਜਪਾ ਸਰਕਾਰ ਨੇ ਇਸ ਬੋਰਡ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੂੰ ਪੁੱਛੇ ਬਿਨਾਂ ਅੱਧੀ ਰਾਤ ਨੂੰ ਮੀਟਿੰਗਾਂ ਬੁਲਾ ਕੇ ਅਤੇ ਦੂਜੇ ਸੂਬਿਆਂ ਦੇ ਦਬਾਅ ਵਿੱਚ ਆ ਕੇ ਪੰਜਾਬ ਦਾ ਹੱਕ ਖੋਹਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰਤੀ ਜਨਤਾ ਪਾਰਟੀ ਆਪਣੀ ਹਰਿਆਣਾ ਸਰਕਾਰ, ਕੇਂਦਰ ਸਰਕਾਰ ਅਤੇ ਬੀ.ਬੀ.ਐਮ.ਬੀ. ਰਾਹੀਂ ਪੰਜਾਬ ਦੇ ਹੱਕਾਂ ’ਤੇ ਡਾਕਾ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗੈਰ-ਸੰਵਿਧਾਨਕ ਅਤੇ ਗੈਰ-ਕਾਨੂੰਨੀ ਢੰਗ ਨਾਲ ਬੀ.ਬੀ.ਐਮ.ਬੀ. ਦੀ ਮੀਟਿੰਗ ਬੁਲਾ ਕੇ ਪੰਜਾਬ ਦਾ ਪਾਣੀ ਧੱਕੇਸ਼ਾਹੀ ਨਾਲ ਹਰਿਆਣਾ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰਿਆਣਾ 31 ਮਾਰਚ ਤੱਕ ਆਪਣੇ ਹਿੱਸੇ ਦੇ ਪਾਣੀ ਦੀ ਵਰਤੋਂ ਕਰ ਚੁੱਕਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਭਾਜਪਾ ਸਰਕਾਰ ਚਾਹੁੰਦੀ ਹੈ ਕਿ ਪੰਜਾਬ ਦੇ ਹੱਕ ਦਾ ਪਾਣੀ ਹਰਿਆਣਾ ਨੂੰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ 3 ਸਾਲਾਂ ਵਿੱਚ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਹਰ ਖੇਤ ਨੂੰ ਨਹਿਰੀ ਪਾਣੀ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਅਤੇ ਖਾਲਿਆਂ ਦਾ ਨੈੱਟਵਰਕ ਬਹੁਤ ਵੱਡੇ ਪੱਧਰ 'ਤੇ ਕਾਇਮ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਲ 2021 ਤੱਕ ਪੰਜਾਬ ਦੇ ਸਿਰਫ਼ 22 ਫ਼ੀਸਦ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਪੰਜਾਬ ਦੇ ਲਗਭਗ 60 ਫ਼ੀਸਦ ਖੇਤਾਂ ਤੱਕ ਨਹਿਰੀ ਪਾਣੀ ਪਹੁੰਚ ਰਿਹਾ ਹੈ, ਇਸੇ ਲਈ ਹੁਣ ਪੰਜਾਬ ਦੇ ਪਾਣੀ ਦੀ ਇਕ-ਇਕ ਬੂੰਦ ਪੰਜਾਬ ਲਈ ਬਹੁਤ ਕੀਮਤੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹੁਣ ਆਪਣੇ ਹਿੱਸੇ ਦਾ ਪਾਣੀ ਕਿਸੇ ਹੋਰ ਸੂਬੇ ਨੂੰ ਦੇਣ ਲਈ ਨਹੀਂ ਹੈ। ਉਨ੍ਹਾਂ ਕਿਹਾ ਕਿ ਲੰਘੀ 6 ਅਪ੍ਰੈਲ ਨੂੰ ਹਰਿਆਣਾ ਨੇ ਪੰਜਾਬ ਨੂੰ ਬੇਨਤੀ ਕੀਤੀ ਸੀ ਕਿ ਉਸ ਨੂੰ ਪੀਣ ਲਈ ਪਾਣੀ ਦੀ ਲੋੜ ਹੈ। ਭਗਵੰਤ ਸਿੰਘ ਮਾਨ ਨੇ ਪੰਜਾਬ ਨੇ ਵੱਡਾ ਦਿਲ ਦਿਖਾਉਂਦਿਆਂ ਆਪਣੇ ਹਿੱਸੇ ਵਿੱਚੋਂ ਹਰਿਆਣਾ ਨੂੰ 4000 ਕਿਊਸਿਕ ਪਾਣੀ ਦੇ ਦਿੱਤਾ; ਕਿਉਂਕਿ ਸਾਡੇ ਮਹਾਨ ਗੁਰੂ ਸਾਹਿਬਾਨ ਨੇ ਸਾਨੂੰ ਸਿਖਾਇਆ ਹੈ ਕਿ ਕਿਸੇ ਵੀ ਪਿਆਸੇ ਨੂੰ ਪਾਣੀ ਦੇਣਾ ਬਹੁਤ ਵੱਡੇ ਪੁੰਨ



ਦਾ ਕੰਮ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੀ ਆਬਾਦੀ 3 ਕਰੋੜ ਹੈ ਅਤੇ 3 ਕਰੋੜ ਲੋਕਾਂ ਨੂੰ ਪੀਣ ਲਈ ਅਤੇ ਸਾਰੀਆਂ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਿਰਫ 1700 ਕਿਊਸਿਕ ਪਾਣੀ ਦੀ ਲੋੜ ਹੈ, ਪਰ ਹਰਿਆਣਾ ਨੇ ਸਾਡੇ ਤੋਂ 4000 ਕਿਊਸਿਕ ਦੀ ਮੰਗ ਕੀਤੀ ਅਤੇ ਅਸੀਂ ਮਨੁੱਖਤਾ ਦੇ ਨਾਤੇ ਉਨ੍ਹਾਂ ਨੂੰ ਦੇ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਹਰਿਆਣਾ ਕਹਿ ਰਿਹਾ ਹੈ ਕਿ ਉਸ ਨੂੰ 8500 ਕਿਊਸਿਕ ਪਾਣੀ ਚਾਹੀਦਾ ਹੈ। ਪੰਜਾਬ ਕੋਲ ਇਸ ਮੰਗ ਨੂੰ ਪੂਰਾ ਕਰਨ ਲਈ ਹੋਰ ਵਾਧੂ ਪਾਣੀ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਧੱਕੇ ਨਾਲ ਗੈਰ-ਸੰਵਿਧਾਨਕ ਅਤੇ ਗੈਰ-ਕਾਨੂੰਨੀ ਢੰਗ ਰਾਹੀਂ ਬੀ.ਬੀ.ਐਮ.ਬੀ. ਦੀ ਮੀਟਿੰਗ ਬੁਲਾਈ ਅਤੇ ਇਕ ਮਤਾ ਪਾਸ ਕੀਤਾ ਕਿ ਪੰਜਾਬ ਨੂੰ ਆਪਣੇ ਹਿੱਸੇ ਦੇ ਪਾਣੀ ਵਿੱਚੋਂ ਹਰਿਆਣਾ ਨੂੰ ਪਾਣੀ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਸਦਨ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਸਪੱਸ਼ਟ ਤੌਰ ’ਤੇ ਦ੍ਰਿੜ੍ਹਤਾ ਨਾਲ ਇਹ ਐਲਾਨ ਕਰਦਾ ਹੈ ਕਿ ਪੰਜਾਬ ਸਰਕਾਰ ਆਪਣੇ ਹਿੱਸੇ ਵਿੱਚੋਂ ਹਰਿਆਣਾ ਨੂੰ ਇਕ ਬੂੰਦ ਵੀ ਵਾਧੂ ਪਾਣੀ ਨਹੀਂ ਦੇਵੇਗੀ। ਉਨ੍ਹਾਂ ਕਿਹਾ ਕਿ ਸਿਰਫ਼ ਪੀਣ ਲਈ ਜੋ ਪਾਣੀ ਦਿੱਤਾ ਜਾ ਰਿਹਾ ਹੈ, ਉਹ ਹੀ ਦਿੱਤਾ ਜਾਵੇਗਾ, ਇਸ ਤੋਂ ਇਲਾਵਾ ਵਾਧੂ ਪਾਣੀ ਦੀ ਇੱਕ ਬੂੰਦ ਵੀ ਨਹੀਂ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਦਨ ਭਾਰਤੀ ਜਨਤਾ ਪਾਰਟੀ ਦੁਆਰਾ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਤਰੀਕੇ ਨਾਲ ਬੀ.ਬੀ.ਐਮ.ਬੀ. ਦੀ ਮੀਟਿੰਗ ਬੁਲਾਏ ਜਾਣ ਦੀ ਸਖ਼ਤ ਨਿੰਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹੁਣ ਭਾਖੜਾ-ਬਿਆਸ ਪ੍ਰਬੰਧਕੀ ਬੋਰਡ ਨੂੰ ਨਹੀਂ ਮੰਨੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਹੁਣ ਬੀ.ਬੀ.ਐਮ.ਬੀ. ਦੇ ਪਾਣੀ ਨਾਲ ਜੁੜੇ ਕਿਸੇ ਵੀ ਫੈਸਲੇ ਨੂੰ ਨਹੀਂ ਮੰਨੇਗਾ ਅਤੇ ਸਤਲੁਜ ਤੇ ਬਿਆਸ ਨਦੀਆਂ ਦਾ ਪਾਣੀ ਸਿਰਫ ਤੇ ਸਿਰਫ ਪੰਜਾਬ ਦਾ ਹੈ ਅਤੇ ਅਸੀਂ ਹੁਣ ਇਸ ਪਾਣੀ ਦੀ ਪੂਰੀ ਵਰਤੋਂ ਕਰਾਂਗੇ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਬਣਦੇ ਹਿੱਸੇ ਦੇ ਪਾਣੀ ਦੀ ਰਾਖੀ ਲਈ ਹਰ ਕਾਨੂੰਨੀ ਤੇ ਸੰਵਿਧਾਨਕ ਕਦਮ ਚੁੱਕੇਗੀ। ਉਨ੍ਹਾਂ ਕਿਹਾ ਕਿ ਸਦਨ ਇਹ ਪ੍ਰਸਤਾਵ ਪੰਜਾਬ ਦੇ ਹੱਕ, ਪੰਜਾਬ ਦੀ ਮਿੱਟੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਰਾਖੀ ਲਈ ਹੈ।

# ਜੰਮੂ-ਕਸ਼ਮੀਰ ਦੇ ਭਾਜਪਾ ਆਗੂ ਦੀ ਸੁਰੱਖਿਆ ਜਵਾਨਾਂ ਨਾਲ ‘ਅਸੰਵੇਦਨਸ਼ੀਲ’ ਰੀਲ ਵਿਰੋਧੀਆਂ ਦੇ ਨਿਸ਼ਾਨੇ ’ਤੇ ਆਈ

**ਚੰਡੀਗੜ੍ਹ।** ਭਾਜਪਾ ਦੇ ਸੀਨੀਅਰ ਨੇਤਾ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਸੂਬਾ ਪ੍ਰਧਾਨ ਰਵਿੰਦਰ ਰੈਣਾ ਨੂੰ ਹਥਿਆਰਬੰਦ ਸੁਰੱਖਿਆ ਮੁਲਾਜ਼ਮਾਂ ਨਾਲ ਬਰਫ਼ ਵਿੱਚੋਂ ਭੱਜਦੇ ਹੋਏ ਆਪਣੀ ਇਕ ਵੀਡੀਓ ਪੋਸਟ ਕਰਨ ਕਾਰਨ ਵਿਰੋਧੀ ਪਾਰਟੀਆਂ ਤੇ ਲੋਕਾਂ ਵੱਲੋਂ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਰੀਲ ਫਿਲਮ ‘ਗੁਲਾਲ’ ਦੇ ਤਿੱਖੇ ਗੀਤ ‘ਆਰੰਭ ਹੈ ਪ੍ਰਚੰਡ’ ਨਾਲ ਸੈੱਟ ਕੀਤੀ ਗਈ ਹੈ ਤੇ ਇਸ ਨੂੰ ਸੋਸ਼ਲ ਮੀਡੀਆ ‘ਤੇ “ਜੈ ਹਿੰਦ” ਕੈਪਸ਼ਨ ਨਾਲ ਸਾਂਝਾ ਕੀਤਾ ਗਿਆ ਸੀ। ਵੀਡੀਓ ਵਿੱਚ ਰੈਣਾ ਨੂੰ ਆਪਣੇ ਪਿੱਛੇ ਘੱਟੋ-ਘੱਟ ਛੇ ਸੁਰੱਖਿਆ ਮੁਲਾਜ਼ਮਾਂ ਨਾਲ ਭੱਜਦਿਆਂ (jogigng ਕਰਦਿਆਂ) ਅਤੇ ਮੁਸਕਰਾਉਂਦੇ ਦਿਖਾਇਆ ਗਿਆ ਹੈ। ਇਸ ਗੀਤ ਦਾ ਵਿਸ਼ਾ-ਵਸਤੂ ਭਾਵੇਂ ਦੇਸ਼ ਭਗਤੀ ਜਾਂ ਪ੍ਰੇਰਣਾਦਾਇਕ ਸੰਦੇਸ਼ ਦੇ ਤੌਰ ‘ਤੇ ਲਿਖਿਆ ਗਿਆ ਹੋ ਸਕਦਾ ਹੈ, ਪੋਸਟ ਦੇ ਸਮੇਂ ਭਾਵ ਇਸ ਨੂੰ ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਮਹਿਜ਼ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਦੌਰਾਨ ਸਾਂਝੀ ਕੀਤੇ ਜਾਣ ਦੀ ਕਾਰਵਾਈ ਨੇ ਗੁੱਸਾ ਭੜਕਾਇਆ ਹੈ। ਗ਼ੌਰਤਲਬ ਹੈ ਕਿ ਬੀਤੀ 22 ਅਪਰੈਲ ਨੂੰ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਸੈਲਾਨੀ ਕੇਂਦਰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਉਥੇ ਘੁੰਮਣ ਆਏ ਸੈਲਾਨੀ ਸਨ। ਸੀਨੀਅਰ ਕਾਂਗਰਸ ਨੇਤਾ ਸੁਪ੍ਰੀਆ ਸ੍ਰੀਨੇਤ ਨੇ ਵੀਡੀਓ ਦੀ ਆਲੋਚਨਾ ਕੀਤੀ ਤੇ ਇਸਨੂੰ ਹਾਲ ਹੀ ਵਿੱਚ ਵਾਪਰੀ ਦੁਖਾਂਤ ਦੇ ਮੱਦੇਨਜ਼ਰ ‘ਅਸੰਵੇਦਨਸ਼ੀਲ’ ਕਰਾਰ ਦਿੱਤਾ। ਉਨ੍ਹਾਂ ਇਕ ਬਿਆਨ ਵਿਚ ਕਿਹਾ, “ਲੋਕਾਂ ਨੇ ਆਪਣੇ ਪੁੱਤਰ, ਪਿਤਾ ਅਤੇ ਪਤੀ ਗੁਆ ਲਏ ਹਨ। ਅਤੇ ਇਹ ਵਿਅਕਤੀ ਰੀਲਾਂ ‘ਤੇ ਸ਼ੂਟਿੰਗ ਕਰ ਰਿਹਾ ਹੈ? ਸੁਰੱਖਿਆ ਕਰਮਚਾਰੀਆਂ ਦੀ ਦੁਰਵਰਤੋਂ ਕਰ ਰਿਹਾ



ਹੈ? ਕੀ ਇਹ ਭਾਜਪਾ ਦਾ ਕਿਰਦਾਰ ਹੈ?” ਉਨ੍ਹਾਂ ਆਪਣੇ ਬਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਜੇਪੀ ਨੱਡਾ ਦੀ ਇਸ ਮਾਮਲੇ ‘ਤੇ ਖ਼ਾਮੋਸ਼ੀ ‘ਤੇ ਵੀ ਸਵਾਲ ਉਠਾਏ ਹਨ। ਸ਼ਿਵ ਸੈਨਾ (ਯੂਬੀਟੀ) ਦੀ ਸੰਸਦ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਵੀਡੀਓ ‘ਤੇ ਤਨਜ਼ ਕਰਦਿਆਂ ਕਿਹਾ, “ਜੇ ਤੁਹਾਡੇ ਕੋਲ ਅਜਿਹੀ ਸੁਰੱਖਿਆ ਹੈ, ਤਾਂ ਤੁਸੀਂ ਜ਼ਰੂਰ ਰੀਲਾਂ ਬਣਾਓ। ਸੁਰੱਖਿਆ ਬਲ ਸਰਹੱਦਾਂ ਦੀ ਰਾਖੀ ਬਾਅਦ ਵਿੱਚ ਕਰ ਸਕਦੇ ਹਨ – ਪਹਿਲਾਂ ਭਾਜਪਾ ਨੇਤਾਵਾਂ ਨੂੰ ਸੁਰੱਖਿਆ ਮਿਲਣੀ ਚਾਹੀਦੀ ਹੈ।” ਕਾਂਗਰਸ ਦੀ ਕੇਰਲ ਇਕਾਈ ਨੇ ਵੀ ਭਾਜਪਾ ਨੇਤਾਵਾਂ ਨੂੰ ਦਿੱਤੀ ਜਾਣ ਵਾਲੀ ਸੁਰੱਖਿਆ ਦੀ ਤੁਲਨਾ ਪਹਿਲਗਾਮ ਵਰਗੇ ਸੈਲਾਨੀ ਕੇਂਦਰਾਂ ‘ਤੇ ਲੋੜੀਂਦੀ ਸੁਰੱਖਿਆ ਦੀ ਸਪੱਸ਼ਟ ਘਾਟ ਨਾਲ ਕੀਤੀ। ਪਾਰਟੀ ਦੇ ਸੋਸ਼ਲ ਮੀਡੀਆ ਹੈਂਡਲ ਨੇ ਕਿਹਾ, “ਜਿੱਥੇ 2,000 ਤੋਂ ਵੱਧ ਸੈਲਾਨੀ ਆਉਂਦੇ ਹਨ, ਉੱਥੇ ਇੱਕ ਵੀ ਪੁਲੀਸ ਜਾਂ ਫੌਜੀ ਜਵਾਨ ਤਾਇਨਾਤ ਨਹੀਂ ਸੀ। ਦਹਿਸ਼ਤਗਰਦਾਂ ਖ਼ਿਲਾਫ਼ ਇੱਕ ਵੀ ਗੋਲੀ ਨਹੀਂ ਚਲਾਈ ਗਈ।” ਰੈਣਾ ਨੇ ਆਲੋਚਨਾ ਦਾ ਜਨਤਕ ਤੌਰ ‘ਤੇ ਹਾਲੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ।


# ਜੇ ਭਾਰਤ ਨੇ ਹਮਲਾ ਕੀਤਾ ਜਾਂ ਪਾਣੀ ਦਾ ਵਹਾਅ ਰੋਕਿਆ ਤਾਂ ਪ੍ਰਮਾਣੂ ਹਮਲੇ ਨਾਲ ਜਵਾਬ ਦਿਤਾ ਜਾਵੇਗਾ : ਪਾਕਿਸਤਾਨ ਦੀ ਧਮਕੀ

**ਮਾਸਕੋ।** ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਾਲੇ ਤਣਾਅ ਦੇ ਵਿਚਕਾਰ ਪਾਕਿਸਤਾਨ ਦੇ ਰਾਜਦੂਤ ਨੇ ਚੇਤਾਵਨੀ ਦਿਤੀ ਹੈ ਕਿ ਜੇਕਰ ਪਾਕਿਸਤਾਨ ’ਤੇ ਹਮਲਾ ਕੀਤਾ ਗਿਆ ਜਾਂ ਉਸ ਦੇ ਪਾਣੀ ਦੇ ਮਹੱਤਵਪੂਰਨ ਵਹਾਅ ਵਿਚ ਵਿਘਨ ਪਿਆ ਤਾਂ ਉਹ ਪ੍ਰਮਾਣੂ ਹਮਲੇ ਸਮੇਤ ਪੂਰੀ ਤਾਕਤ ਨਾਲ ਜਵਾਬ ਦੇਵੇਗਾ। ਮੁਹੰਮਦ ਖਾਲਿਦ ਜਮਾਲੀ ਨੇ ਐਤਵਾਰ ਨੂੰ ਰੂਸ ਦੀ ਸਰਕਾਰੀ ਸਮਾਚਾਰ ਏਜੰਸੀ ਤਾਸ ਨੂੰ ਦਿਤੇ ਇੰਟਰਵਿਊ ਦੌਰਾਨ ਇਹ ਟਿਪਣੀ ਕੀਤੀ। ਪਾਕਿਸਤਾਨ ਨੂੰ ਕਿਸੇ ਵੀ ਹਮਲੇ ਦਾ ਜਵਾਬ ਦੇਣ ਲਈ ਤਿਆਰ ਹੋਣ ਦੀ ਚੇਤਾਵਨੀ ਦਿੰਦੇ ਹੋਏ ਰਾਜਦੂਤ ਨੇ ਕਿਹਾ, “ਅਸੀਂ ਪਾਕਿਸਤਾਨ ਵਿਚ ਰਵਾਇਤੀ ਅਤੇ ਪ੍ਰਮਾਣੂ ਦੋਹਾਂ ਤਰ੍ਹਾਂ ਦੀ ਤਾਕਤ ਦੀ ਪੂਰੀ ਵਰਤੋਂ ਕਰਾਂਗੇ।” ਜੰਮੂ-ਕਸ਼ਮੀਰ ’ਚ 22 ਅਪ੍ਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧਾਂ ’ਚ ਗਿਰਾਵਟ ਆਈ ਸੀ। ਜਾਜਮਾਲੀ ਨੇ ਸਿੰਧੂ ਜਲ ਸਮਝੌਤੇ ਬਾਰੇ ਇਸਲਾਮਾਬਾਦ ਦੇ ਰੁਖ ਨੂੰ ਦੁਹਰਾਇਆ, ਜੋ ਭਾਰਤ ਅਤੇ ਪਾਕਿਸਤਾਨ ਵਿਚਾਲੇ ਇਕ ਮਹੱਤਵਪੂਰਨ ਸਮਝੌਤਾ ਹੈ, ਜਿਸ ਨੂੰ ਨਵੀਂ ਦਿੱਲੀ ਨੇ ਅਤਿਵਾਦੀ ਹਮਲੇ ਦੇ ਕੂਟਨੀਤਕ ਜਵਾਬ ਦੇ ਹਿੱਸੇ ਵਜੋਂ ਪਿਛਲੇ ਹਫਤੇ ਮੁਅੱਤਲ ਕਰ ਦਿਤਾ ਸੀ। ਉਨ੍ਹਾਂ ਕਿਹਾ, “ਹੇਠਲੇ ਰਿਪੇਰੀਅਨ ਦੇ ਪਾਣੀ ਨੂੰ ਖੋਹਣ ਜਾਂ ਇਸ ਨੂੰ ਰੋਕਣ ਜਾਂ ਇਸ ਨੂੰ ਮੋੜਨ ਦੀ ਕੋਈ ਵੀ ਕੋਸ਼ਿਸ਼ ਪਾਕਿਸਤਾਨ ਵਿਰੁਧ ਜੰਗ ਦੀ



ਕਾਰਵਾਈ ਹੋਵੇਗੀ ਅਤੇ ਪ੍ਰਮਾਣੂ ਸਮੇਤ ਪੂਰੀ ਤਾਕਤ ਨਾਲ ਜਵਾਬ ਦਿਤਾ ਜਾਵੇਗਾ।” ਰਾਜਦੂਤ ਨੇ ਹਾਲਾਂਕਿ ਸੰਭਾਵਤ ਖਤਰੇ ਨੂੰ ਵੇਖਦੇ ਹੋਏ ਤਣਾਅ ਘਟਾਉਣ ਦੀ ਅਪੀਲ ਕੀਤੀ ਕਿਉਂਕਿ ਦੋਹਾਂ ਦੇਸ਼ਾਂ ਕੋਲ ਪ੍ਰਮਾਣੂ ਹਥਿਆਰ ਹਨ। ਉਨ੍ਹਾਂ ਕਿਹਾ, “ਦੋਵੇਂ ਦੇਸ਼ ਦੋ ਪ੍ਰਮਾਣੂ ਸ਼ਕਤੀਆਂ ਹਨ, ਇਸ ਲਈ ਤਣਾਅ ਘਟਾਉਣ ਦੀ ਹੋਰ ਜ਼ਰੂਰਤ ਹੈ।” ਇਸ ਤੋਂ ਪਹਿਲਾਂ ਪਾਕਿਸਤਾਨ ਨੇ ਕਸ਼ਮੀਰ ਹਮਲੇ ਦੀ ਨਿਰਪੱਖ ਅਤੇ ਭਰੋਸੇਯੋਗ ਜਾਂਚ ਦੀ ਮੰਗ ਕੀਤੀ ਸੀ। ਜਾਜਮਾਲੀ ਨੇ ਕਿਹਾ, “ਇਸ ਸਬੰਧ ਵਿਚ ਅਸੀਂ ਉਮੀਦ ਕਰਦੇ ਹਾਂ ਕਿ ਚੀਨ ਅਤੇ ਰੂਸ ਵਰਗੀਆਂ ਸ਼ਕਤੀਆਂ ਇਨ੍ਹਾਂ ਜਾਂਚਾਂ ਵਿਚ ਹਿੱਸਾ ਲੈ ਸਕਦੀਆਂ ਹਨ।” ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ 1960 ਦੇ ਸਿੰਧੂ ਸਮਝੌਤੇ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਸੀ। ਇਸ ਤੋਂ ਪਹਿਲਾਂ 24 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਤਿਵਾਦੀ ਹਮਲੇ ’ਚ ਸ਼ਾਮਲ ਅਤਿਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਸਜ਼ਾ ਦੇਣ ਦਾ ਸੰਕਲਪ ਲਿਆ ਸੀ।

# ਪੰਜਾਬੀ ਗੀਤਕਾਰ ਦੇ ਮੋਟਰਸਾਈਕਲ ਨੂੰ ਟਰੱਕ ਨੇ ਮਾਰੀ ਟੱਕਰ, ਹੋਈ ਮੌਤ



**ਫਰੀਦਕੋਟ।** ਪੰਜਾਬੀ ਗੀਤਕਾਰ ਗੁਰਸੇਵਕ ਸਿੰਘ ਬਰਾੜ ਦਾ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਵਿਚ ਦਿਹਾਂਤ ਹੋ ਗਿਆ। ਕੋਟਕਪੂਰਾ-ਮੁਕਤਸਰ ਸੜਕ ’ਤੇ ਪਿੰਡ ਖਾਰਾ ਨੇੜੇ ਇਕ ਟਰੱਕ ਨਾਲ ਟਕਰਾਉਣ ਕਾਰਨ ਮੋਟਰਸਾਈਕਲ ਸਵਾਰ ਗੁਰਸੇਵਕ ਦੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਪੁਲਿਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿਤੀ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਐਤਵਾਰ ਰਾਤ 8:45 ਵਜੇ ਦੇ ਕਰੀਬ ਵਾਪਰਿਆ। ਗੁਰਸੇਵਕ ਆਪਣੇ ਮੋਟਰਸਾਈਕਲ ’ਤੇ ਕੋਟਕਪੂਰਾ ਤੋਂ ਆਪਣੇ ਪਿੰਡ ਖੋਖਰ (ਮੁਕਤਸਰ) ਨੂੰ ਵਾਪਸ ਆ ਰਿਹਾ ਸੀ। ਜਦੋਂ ਉਹ ਪਿੰਡ ਖਾਰਾ ਨੇੜੇ ਬਾਰੜ ਢਾਬੇ ਨੇੜੇ ਪਹੁੰਚਿਆ ਤਾਂ ਉਸ ਦੀ ਟੱਕਰ ਇਕ ਟਰੱਕ ਨਾਲ ਹੋ ਗਈ। ਹਾਦਸੇ ਵਿਚ ਗੰਭੀਰ ਸੱਟਾਂ ਲੱਗਣ ਕਾਰਨ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ। ਪਿੰਡ ਦੇ ਸਾਬਕਾ ਸਰਪੰਚ ਗੁਰਪ੍ਰੀਤ ਸਿੰਘ ਨੇ ਦਸਿਆ ਕਿ ਮ੍ਰਿਤਕ ਆਪਣੇ ਪਿੱਛੇ ਆਪਣੇ ਬਜ਼ੁਰਗ ਪਿਤਾ, ਪਤਨੀ ਅਤੇ ਪੁੱਤਰ ਛੱਡ ਗਿਆ ਹੈ। ਉਸ ਦੀ ਮੌਤ ਨੇ ਪਰਿਵਾਰ ਲਈ ਬਹੁਤ ਮੁਸੀਬਤਾਂ ਲਿਆਂਦੀਆਂ ਹਨ ਕਿਉਂਕਿ ਉਹ ਇਕੱਲਾ ਹੀ ਘਰ ਦੀ ਦੇਖਭਾਲ ਕਰਦਾ ਸੀ। ਉਨ੍ਹਾਂ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਅਤੇ ਦੋਸ਼ੀ ਟਰੱਕ ਡਰਾਈਵਰ ਵਿਰੁਧ ਕਾਰਵਾਈ ਕੀਤੀ ਜਾਵੇ। ਕੋਟਕਪੂਰਾ ਸਦਰ ਥਾਣੇ ਦੀ ਪੁਲਿਸ ਵਲੋਂ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ, ਫਰੀਦਕੋਟ ਭੇਜ ਦਿਤਾ ਗਿਆ ਹੈ। ਜਾਂਚ ਅਧਿਕਾਰੀ ਏਐਸਆਈ ਗੁਰਬੀਰ ਸਿੰਘ ਨੇ ਦਸਿਆ ਕਿ ਸੂਚਨਾ ਦੇ ਆਧਾਰ ’ਤੇ ਪੁਲਿਸ ਨੇ ਜਾਂਚ ਸ਼ੁਰੂ ਕਰ ਦਿਤੀ ਹੈ ਅਤੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਛੱਤੀਸਗੜ੍ਹ ਕਥਿਤ ਸ਼ਰਾਬ ਘਪਲਾ ਮਾਮਲਾ : ਈ.ਡੀ. ਨੂੰ ਝੂਠੇ ਦੋਸ਼ ਲਗਾਉਣ ਦੀ ਆਦਤ ਪੈ ਗਈ ਹੈ : ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਕਥਿਤ ਸ਼ਰਾਬ ਘਪਲੇ ਦੇ ਇਕ ਮਾਮਲੇ ’ਚ ਬਿਨਾਂ ਕਿਸੇ ਸਬੂਤ ਦੇ ਇਕ ਮੁਲਜ਼ਮ ਵਿਰੁਧ ਦੋਸ਼ ਲਗਾਉਣ ’ਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਨੂੰ ਸੋਮਵਾਰ ਨੂੰ ਝਾੜ ਪਾਈ ਅਤੇ ਕਿਹਾ ਕਿ ਇਹ ਇਕ ਆਦਮ ਬਣ ਗਈ ਹੈ। ਜਸਟਿਸ ਅਭੈ ਐਸ. ਓਕਾ ਅਤੇ ਜਸਟਿਸ ਉਜਲ ਭੁਈਆਂ ਦੀ ਬੈਂਚ ਛੱਤੀਸਗੜ੍ਹ ’ਚ 2000 ਕਰੋੜ ਰੁਪਏ ਦੇ ਕਥਿਤ ਸ਼ਰਾਬ ਘਪਲੇ ’ਚ ਜ਼ਮਾਨਤ ਦੀ ਮੰਗ ਕਰਨ ਵਾਲੀ ਅਰਵਿੰਦ ਸਿੰਘ ਵਲੋਂ ਦਾਇਰ ਪਟੀਸ਼ਨ ’ਤੇ ਸੁਣਵਾਈ ਕਰ ਰਹੀ ਸੀ। ਬੈਂਚ ਨੇ ਕਿਹਾ, “ਇਹ ਇਕ ਆਦਤ ਬਣ ਗਈ ਹੈ ਜੋ ਈ.ਡੀ. ਨੇ ਕਈ ਮਾਮਲਿਆਂ ’ਚ ਅਪਨਾਈ ਹੈ। ਤੁਸੀਂ ਬਿਨਾਂ ਕਿਸੇ ਸਬੂਤ ਦੇ ਦੋਸ਼ ਲਗਾਉਂਦੇ ਹੋ। ਸਰਕਾਰੀ ਵਕੀਲ ਇਸ ਤਰੀਕੇ ਨਾਲ ਅਦਾਲਤ ਦੇ ਸਾਹਮਣੇ ਖੜਾ ਨਹੀਂ ਹੋਵੇਗਾ।” ਸੁਣਵਾਈ ਦੌਰਾਨ ਵਧੀਕ ਸਾਲਿਸਿਟਰ ਜਨਰਲ ਐਸ.ਵੀ. ਰਾਜੂ ਨੇ ਦੋਸ਼ ਲਾਇਆ ਕਿ ਅਰਵਿੰਦ ਸਿੰਘ ਨੇ ਵਿਕਾਸ ਅਗਰਵਾਲ ਨਾਮ ਦੇ ਇਕ ਹੋਰ



ਵਿਅਕਤੀ ਨਾਲ ਮਿਲ ਕੇ 40 ਕਰੋੜ ਰੁਪਏ ਕਮਾਏ ਸਨ। ਜਦੋਂ ਅਦਾਲਤ ਨੇ ਪੁਛਿਆ ਕਿ ਕੀ ਅਗਰਵਾਲ ਨੂੰ ਮੁਲਜ਼ਮ ਬਣਾਇਆ ਗਿਆ ਹੈ ਤਾਂ ਰਾਜੂ ਨੇ ਜਵਾਬ ਦਿਤਾ ਕਿ ਉਹ ਫਰਾਰ ਹੈ। ਬੈਂਚ ਨੇ ਕਿਹਾ, “ਤੁਸੀਂ ਇਕ ਵਿਸ਼ੇਸ਼ ਦੋਸ਼ ਲਗਾਇਆ ਹੈ ਕਿ ਉਨ੍ਹਾਂ (ਸਿੰਘ) ਨੇ 40 ਕਰੋੜ ਰੁਪਏ ਕਮਾਏ। ਹੁਣ ਤੁਸੀਂ ਇਸ ਆਦਮੀ ਦਾ ਇਸ ਜਾਂ ਕਿਸੇ ਹੋਰ ਕੰਪਨੀ ਨਾਲ ਸਬੰਧ ਨਹੀਂ ਵਿਖਾ ਸਕੇ। ਤੁਹਾਨੂੰ ਇਹ ਦਸਣਾ ਚਾਹੀਦਾ ਹੈ ਕਿ ਕੀ ਉਹ ਉਨ੍ਹਾਂ ਕੰਪਨੀਆਂ ਦਾ ਡਾਇਰੈਕਟਰ ਹੈ, ਕੀ ਬਹੁਗਿਣਤੀ ਸ਼ੇਅਰਧਾਰਕ ਹੈ, ਚਾਹੇ ਉਹ ਪ੍ਰਬੰਧ ਨਿਰਦੇਸ਼ਕ ਹੋਵੇ। ਕੁੱਝ ਹੋਣਾ ਚਾਹੀਦਾ ਹੈ।” ਰਾਜੂ ਨੇ ਕਿਹਾ ਕਿ ਇਕ ਵਿਅਕਤੀ ਕਿਸੇ ਕੰਪਨੀ ਨੂੰ ਨਿਯੰਤਰਿਤ ਕਰ ਸਕਦਾ ਹੈ ਪਰ ਜ਼ਰੂਰੀ ਨਹੀਂ ਕਿ ਕੰਪਨੀ ਦੇ ਵਿਵਹਾਰ ਲਈ ਜ਼ਿੰਮੇਵਾਰ ਹੋਵੇ। ਚੋਟੀ ਦੀ ਅਦਾਲਤ ਨੇ ਕਿਹਾ ਕਿ ਏਜੰਸੀ ਗੰਜੇ ਦੋਸ਼ ਲਗਾ ਰਹੀ ਹੈ। ਇਸ ਮਾਮਲੇ ਦੀ ਸੁਣਵਾਈ ਹੁਣ 9 ਮਈ ਨੂੰ ਹੋਵੇਗੀ। ਸੁਪਰੀਮ ਕੋਰਟ ਨੇ 28 ਅਪ੍ਰੈਲ ਨੂੰ ਛੱਤੀਸਗੜ੍ਹ ਸਰਕਾਰ ਨੂੰ ਝਾੜ ਪਾਈ ਸੀ ਅਤੇ ਪੁਛਿਆ ਸੀ ਕਿ ਉਹ ਰਾਜ ਦੇ ਅਧਿਕਾਰੀਆਂ ਵਲੋਂ ਦਾਇਰ ਸ਼ਰਾਬ ਘਪਲੇ ਦੇ ਮਾਮਲੇ ’ਚ ਕਿਸੇ ਦੋਸ਼ੀ ਨੂੰ ਕਿੰਨੇ ਸਮੇਂ ਤਕ ਜੇਲ ’ਚ ਰੱਖੇਗੀ। ਅਦਾਲਤ ਨੇ ਨੋਟ ਕੀਤਾ ਸੀ ਕਿ ਇਸ ਮਾਮਲੇ ’ਚ ਤਿੰਨ ਚਾਰਜਸ਼ੀਟ ਦਾਇਰ ਕੀਤੀਆਂ ਗਈਆਂ ਸਨ ਅਤੇ ਜਾਂਚ ਅਜੇ ਵੀ ਜਾਰੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਅੰਮ੍ਰਿਤਸਰ ਦਿਹਾਤੀ ਪੁਲਿਸ ਵਲੋਂ ਹਥਿਆਰਾਂ ਸਮੇਤ ਤਿੰਨ ਕਾਬੂ




**ਚੋਗਾਵਾਂ (ਅੰਮ੍ਰਿਤਸਰ)।** ਅੰਮ੍ਰਿਤਸਰ ਦਿਹਾਤੀ ਪੁਲਿਸ ਵਲੋਂ ਅਤਿਵਾਦੀ ਨੈੱਟਵਰਕਾਂ ਵਿਰੁਧ ਇਕ ਵੱਡੀ ਸਫਲਤਾ ਹਾਸਲ ਕਰਦਿਆਂ 3 ਗਲੋਕ ਪਿਸਤੌਲ , 3 ਬਰੇਟਾ 30 ਬੋਰ ਪਿਸਤੌਲ, 20 ਜ਼ਿੰਦਾ ਕਾਰਤੂਸ ਐਮ.ਐਮ, 20 ਜ਼ਿੰਦਾ ਕਾਰਤੂਸ 20 ਬੋਰ, 4 ਮੋਬਾਈਲ ਫ਼ੋਨ ਤੇ 1 ਐਕਟਿਵਾ ਸਕੂਟਰੀ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਨੂੰ ਖੁਫ਼ੀਆ ਜਾਣਕਾਰੀ ਮਿਲੀ ਕਿ ਇਕਬਾਲ ਸਿੰਘ, ਅੰਗਰੇਜ ਸਿੰਘ ਅਤੇ ਵਿਜੇ ਸਿੰਘ ਵਾਸੀ ਤਰਨਤਾਰਨ ਪਾਕਿਸਤਾਨੀ ਸਮਗਲਰਾਂ ਦੇ ਸੰਪਰਕ ਵਿਚ ਹਨ। ਉਨ੍ਹਾਂ ਵਲੋਂ ਹਿੰਦ-ਪਾਕਿ ਬਾਰਡਰ ਦੇ ਅਟਾਰੀ ਖੇਤਰ ਵਿਚ ਡਰੋਨ ਅਤੇ ਹੋਰ ਸਾਧਨਾਂ ਰਾਹੀਂ ਹਥਿਆਰਾਂ ਦੀਆਂ ਵੱਡੀਆਂ ਖੇਪਾਂ ਭੇਜੀਆਂ ਜਾ ਰਹੀਆਂ ਹਨ। ਉਕਤਾਨ ਅਪਣੇ ਹੋਰ ਨਾ-ਮਾਲੂਮ ਸਾਥੀਆਂ ਦੀ ਮਦਦ ਨਾਲ ਭੇਜੀਆਂ ਗਈਆਂ ਹਥਿਆਰਾਂ ਦੀਆਂ ਖੇਪਾਂ ਨੂੰ ਹਾਸਿਲ ਕਰ ਕੇ ਪਾਕਿਸਤਾਨੀ ਸਮਗਲਰਾਂ ਦੇ ਦਿਸ਼ਾ ਨਿਰਦੇਸ਼ਾਂ ’ਤੇ ਅੱਗੇ ਪਹੁੰਚਾਉਂਦੇ ਸਨ। ਜਿਸ ’ਤੇ ਕਾਰਵਾਈ ਕਰਦਿਆਂ ਪੁਲਿਸ ਨੇ ਉਕਤ ਤਿੰਨਾਂ ਵਿਅਕਤੀਆਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਪੁਲਿਸ ਥਾਣਾ ਲੋਪੋਕੇ ਵਿਖੇ ਅਸਲਾ ਐਕਟ ਅਧੀਨ ਮੁਕੱਦਮਾ ਦਰਜ ਕਰ ਕੇ ਹੋਰ ਜਾਂਚ ਜਾਰੀ ਹੈ।

ਪੱਤਰਕਾਰਾਂ ਦੀ ਲੋੜ
ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਬਠਿੰਡਾ ਪੁਲਿਸ ਅਤੇ ਬਦਮਾਸ਼ਾਂ ਵਿਚਕਾਰ ਮੁਠਭੇੜ, ਲੱਤ ਵਿਚ ਗੋਲੀ ਲੱਗਣ ਨਾਲ ਏਐਸਆਈ ਜ਼ਖ਼ਮੀ



**ਬਠਿੰਡਾ।** ਬਠਿੰਡਾ ਪੁਲਿਸ ਅਤੇ ਬਦਮਾਸ਼ਾਂ ਵਿਚਕਾਰ ਮੁਠਭੇੜ ਹੋਈ ਹੈ। ਨਾਕੇ ਦੌਰਾਨ ਮੁਲਜ਼ਮਾਂ ਨੇ ਰੁਕਣ ਦੀ ਬਜਾਏ ਪੁਲਿਸ 'ਤੇ ਫ਼ਾਇਰਿੰਗ ਕੀਤੀ। ਪੁਲਿਸ ਦੀ ਜਵਾਬੀ ਕਾਰਵਾਈ ਵਿਚ 2 ਮੁਲਜ਼ਮ ਜ਼ਖ਼ਮੀ ਹੋ ਗਏ। ਇਸ ਦੇ ਨਾਲ ਹੀ ਲੱਤ ਵਿਚ ਗੋਲੀ ਲੱਗਣ ਨਾਲ ਏਐਸਆਈ ਸੁਖਪ੍ਰੀਤ ਸਿੰਘ ਵੀ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਦਾਖ਼ਲ ਕਰਵਾਇਆ ਗਿਆ। ਬਠਿੰਡਾ ਵਿਚ ਇੱਕ ਸ਼ਰਾਬ ਦੀ ਦੁਕਾਨ 'ਤੇ ਹੋਈ ਲੁੱਟ ਦੇ ਮਾਮਲੇ ਵਿੱਚ, ਪੁਲਿਸ ਨੂੰ ਸੂਚਨਾ ਮਿਲੀ ਕਿ ਪਰਸ ਰਾਮ ਨਗਰ ਵਿੱਚ ਕੁਝ ਲੋਕ ਬੈਠੇ ਹਨ ਜੋ ਲੁੱਟ ਦੇ ਮਾਮਲੇ ਦੇ ਮੁਲਜ਼ਮ ਹੋ ਸਕਦੇ ਹਨ। ਜਦੋਂ ਪੁਲਿਸ ਨੇ ਉਨ੍ਹਾਂ ਤੋਂ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਪੁਲਿਸ 'ਤੇ ਗੋਲੀਬਾਰੀ ਕਰ ਦਿੱਤੀ।

## ਸੜਕੀ ਤੇ ਰੇਲ ਆਵਾਜਾਈ ਰੋਕ ਕੇ ਆਮ ਲੋਕਾਂ ਨੂੰ ਖੱਜਲ ਖੁਆਰ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਭਗਵੰਤ ਮਾਨ



**ਚੰਡੀਗੜ੍ਹ।** ਪੰਜਾਬ ਵਿੱਚ ਸੜਕੀ ਤੇ ਰੇਲ ਆਵਾਜਾਈ ਰੋਕਣ ਦਾ ਐਲਾਨ ਕਰਨ ਵਾਲੀਆਂ ਜਥੇਬੰਦੀਆਂ ਨੂੰ ਤਾੜਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਨੇ ਕਿਹਾ ਕਿ ਸੂਬੇ ਦੇ ਵਿਕਾਸ ਵਿੱਚ ਵਿਘਨ ਪਾ ਕੇ ਆਮ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਅੱਜ ਇੱਥੋਂ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਜਮਹੂਰੀਅਤ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦੇ ਹੋਰ ਵੀ ਬਹੁਤ ਸਾਰੇ ਢੰਗ-ਤਰੀਕੇ ਹਨ ਪਰ ਸਿਰਫ ਆਵਾਜਾਈ ਵਿੱਚ ਰੁਕਾਵਟ ਪਾ ਕੇ ਸੂਬੇ ਦੇ ਵਿਕਾਸ ਨੂੰ ਪੱਟੜੀ ਤੋਂ ਲਾਹੁਣ ਦੀ ਕਾਰਵਾਈ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਜਿਹੇ ਧਰਨੇ-ਪ੍ਰਦਰਸ਼ਨਾਂ ਦਾ ਖਮਿਆਜ਼ਾ ਪੰਜਾਬ ਵਾਸੀਆਂ ਖਾਸ ਕਰਕੇ ਕਿਰਤੀ ਲੋਕਾਂ ਨੂੰ ਭੁਗਤਣਾ ਪੈਂਦਾ ਹੈ ਜੋ ਰੋਜ਼ਮੱਰਾ ਦੇ ਕੰਮਕਾਜ ਕਰਕੇ ਸਖ਼ਤ-ਮਿਹਨਤ ਨਾਲ ਆਪਣੇ ਪਰਿਵਾਰਾਂ ਨੂੰ ਪਾਲਦੇ ਹਨ। ਉਨ੍ਹਾਂ ਕਿਹਾ ਕਿ ਸੜਕਾਂ ਬੰਦ ਹੋਣ ਨਾਲ ਕਈ ਵਾਰ ਮਰੀਜ਼ਾਂ ਨੂੰ ਸਮੇਂ-ਸਿਰ ਹਸਪਤਾਲ ਪਹੁੰਚਾਉਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਣਕ ਦੀ ਖਰੀਦ ਚੱਲ ਰਹੀ ਹੈ ਅਤੇ ਫਸਲ ਦੀ ਢੋਆ-ਢੁਆਈ ਲਈ ਰੇਲ ਸੇਵਾ ਦਾ ਬਹਾਲ ਰਹਿਣਾ ਬਹੁਤ ਜ਼ਰੂਰੀ ਹੈ ਜਿਸ ਕਰਕੇ ਆਵਾਜਾਈ ਰੋਕਣ ਦਾ ਫੈਸਲਾ ਸੂਬੇ ਦੇ ਹਿੱਤਾਂ ਨੂੰ ਢਾਹ ਲਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ, "ਆਮ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਵਾਲੇ ਅਤੇ ਰੋਜ਼ਾਨਾ ਦੇ ਕੰਮਕਾਜ ਵਿੱਚ ਵਿਘਨ ਪਾਉਣ ਵਾਲੇ ਕੋਈ ਵੀ ਐਲਾਨ, ਧਰਨੇ-ਪ੍ਰਦਰਸ਼ਨ ਜਾਂ ਹੜਤਾਲਾਂ ਨੂੰ ਪੰਜਾਬ ਤੇ ਪੰਜਾਬੀਆਂ ਦੇ ਵਿਰੁੱਧ ਮੰਨਿਆ ਜਾਵੇਗਾ। ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ

## ਇੰਡੀਅਨ ਆਈਡਲ ਸੀਜ਼ਨ 12 ਦੇ ਜੇਤੂ ਪਵਨਦੀਪ ਰਾਜਨ ਦਾ ਹੋਇਆ ਐਕਸੀਡੈਂਟ, ਹਾਲਤ ਗੰਭੀਰ



**ਉੱਤਰਾਖੰਡ।** ਇੰਡੀਅਨ ਆਈਡਲ ਸੀਜ਼ਨ 12 ਦੇ ਜੇਤੂ ਅਤੇ ਉਤਰਾਖੰਡ ਦੇ ਬ੍ਰਾਂਡ ਅੰਬੈਸਡਰ ਪਵਨਦੀਪ ਰਾਜਨ ਦਾ ਰਾਸ਼ਟਰੀ ਰਾਜਮਾਰਗ 'ਤੇ ਹਾਦਸਾ ਹੋ ਗਿਆ। ਉਸ ਦੇ ਦੋ ਸਾਥੀ ਵੀ ਜ਼ਖ਼ਮੀ ਹੋਏ ਹਨ। ਤਿੰਨਾਂ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਮੁੱਢਲੀ ਸਹਾਇਤਾ ਤੋਂ ਬਾਅਦ ਨੋਇਡਾ ਰੈਫ਼ਰ ਕਰ ਦਿੱਤਾ ਗਿਆ ਹੈ। ਪਵਨਦੀਪ ਰਾਜਨ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਉਸ ਦੀਆਂ ਦੋਵੇਂ ਲੱਤਾਂ ਅਤੇ ਹੱਥਾਂ ਵਿੱਚ ਫ੍ਰੈਕਚਰ ਹਨ। ਉੱਤਰਾਖੰਡ ਦੇ ਚੰਪਾਵਤ ਜ਼ਿਲ੍ਹੇ ਦੇ ਸ਼ਹਿਰ ਸਿਲੇਨ ਟਾਕ ਦੇ ਰਹਿਣ ਵਾਲੇ ਗਾਇਕ ਪਵਨਦੀਪ ਰਾਜਨ ਆਪਣੇ ਦੋਸਤ ਅਜੈ ਮਹਾਰ ਅਤੇ ਡਰਾਈਵਰ ਰਾਹੁਲ ਸਿੰਘ ਨਾਲ ਐਤਵਾਰ ਰਾਤ ਨੂੰ ਕਰੀਬ 2:30 ਵਜੇ ਇੱਕ ਕਾਰ ਵਿੱਚ ਚੰਪਾਵਤ ਤੋਂ ਦਿੱਲੀ ਜਾ ਰਹੇ ਸਨ। ਗਜਰੌਲਾ ਵਿੱਚ, ਇੱਕ ਕਾਰ ਹਾਈਵੇਅ 'ਤੇ ਸੀਓ ਦਫ਼ਤਰ ਦੇ ਸਾਹਮਣੇ ਕੱਟ 'ਤੇ ਖੜ੍ਹੇ ਇੱਕ ਕੈਂਟਰ ਵਿੱਚ ਪਿੱਛੇ ਤੋਂ ਟਕਰਾ ਗਈ। ਡਰਾਈਵਰ ਨੂੰ ਨੀਂਦ ਆਉਣ ਕਾਰਨ ਇਹ ਹਾਦਸਾ ਵਾਪਰਿਆ। ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਸੀ ਅਤੇ ਗਾਇਕ ਪਵਨਦੀਪ ਰਾਜਨ ਦੇ ਦੋਵੇਂ ਪੈਰਾਂ ਅਤੇ ਹੱਥਾਂ ਵਿੱਚ ਫ੍ਰੈਕਚਰ ਹੋ ਗਿਆ ਸੀ। ਡਰਾਈਵਰ ਅਤੇ ਉਸਦਾ ਸਾਥੀ ਵੀ ਜ਼ਖ਼ਮੀ ਹੋ ਗਏ।


SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਵਿੱਚ ਪੋਸ਼ਣ ਪਖਵਾੜਾ ਅਤੇ ਪੋਸ਼ਣ ਮਾਹ ਮਨਾਇਆ ਗਿਆ

**ਕਪੂਰਥਲਾ (ਕੌੜਾ)–** ਪੰਜਾਬ ਸਟੇਟ ਮਿਡ-ਡੇ-ਮੀਲ ਸੁਸਾਇਟੀ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੋਸ਼ਣ ਪਖਵਾੜਾ ਅਤੇ ਪੋਸ਼ਣ ਮਾਹ ਮਨਾਉਣ ਲਈ ਵੱਖ-ਵੱਖ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਜਿਲ੍ਹਾ ਸਿੱਖਿਆ ਅਫਸਰ (ਸ) (ਕਪੂਰਥਲਾ ) ਸ੍ਰੀਮਤੀ ਮਮਤਾ ਬਜਾਜ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਹਨਾਂ ਹਦਾਇਤਾਂ ਦੀ ਪਾਲਣਾ ਹਿੱਤ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡਡਵਿੰਡੀ ਵਿੱਚ ਪੋਸ਼ਣ ਪਖਵਾੜਾ ਅਤੇ ਪੋਸ਼ਣ ਮਾਹ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ ਨੇ ਵਿਦਿਆਰਥੀਆਂ ਨੂੰ ਪੋਸ਼ਣ ਮਾਹ ਦੀ ਮਹੱਤਤਾ ਬਾਰੇ ਜਾਗੂਰਕ ਕਰਦਿਆਂ ਕਿਹਾ ਕਿ ਅਜਿਹੇ ਉਤਸਵ ਮਨਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਸੰਤੁਲਿਤ ਆਹਾਰ, ਸਿਹਤਮੰਦ ਜੀਵਨ ਸ਼ੈਲੀ ਅਤੇ ਲੰਬੇ ਸਮੇਂ ਤੱਕ ਪੌਸਟਿਕ ਆਦਤਾਂ ਨੂੰ ਵਿਕਸਤ ਕਰਕੇ ਆਪਣੇ ਲੰਬੇ ਜੀਵਨ ਦਾ ਆਨੰਦ ਮਾਣ ਸਕਣਾ ਹੈ। ਇਸ ਮੁਹਿੰਮ ਨੇ ਨਿਯਮਤ ਵਿਕਾਸ ਨਿਗਰਾਨੀ ਦੀ ਮਹੱਤਤਾ ਨੂੰ ਉਜਾਗਰ ਕੀਤਾ, ਜਿਸ



ਵਿੱਚ ਪੋਸ਼ਣ ਟਰੈਕਰ ਵਰਗੇ ਸਾਧਨਾਂ ਦੀ ਵਰਤੋਂ ਕੀਤੀ ਗਈ ਤਾਂ ਜੋ ਕੁਪੋਸ਼ਣ ਦੀ ਜਲਦੀ ਪਛਾਣ ਕੀਤੀ ਜਾ ਸਕੇ। ਪੋਸ਼ਣ ਅਭਿਆਨ, ਜਿਸ ਵਿੱਚ ਪੋਸ਼ਣ ਮਾਹ ਸ਼ਾਮਲ ਹੈ, ਨੇ ਬੱਚਿਆਂ ਵਿੱਚ ਕੁਪੋਸ਼ਣ ਅਤੇ ਘੱਟ ਭਾਰ ਦੇ ਪ੍ਰਸਾਰ ਨੂੰ ਘਟਾਉਣ 'ਤੇ ਚੰਗੇ ਪ੍ਰਭਾਵ ਦਿਖਾਏ ਹਨ। ਇਸ ਮੁਹਿੰਮ ਨੇ ਪੋਸ਼ਣ ਡਿਲੀਵਰੀ ਦੀ ਨਿਗਰਾਨੀ ਅਤੇ ਸੁਧਾਰ ਲਈ ਪੋਸ਼ਣ ਟਰੈਕਰ ਵਰਗੇ ਡਿਜੀਟਲ ਪਲੇਟਫਾਰਮਾਂ ਦਾ ਲਾਭ ਉਠਾਇਆ, ਜਿਸ ਨਾਲ 10 ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਇਹਨਾਂ ਤਕਨੀਕੀ-ਸੰਚਾਲਿਤ ਹੱਲਾਂ ਦਾ ਲਾਭ ਮਿਲਿਆ। ਪੋਸ਼ਣ ਮਾਹ 2025 ਵਿੱਚ "ਪੋਸ਼ਣ ਭੀ ਪੜਾਈ ਭੀ" (ਪੋਸ਼ਣ ਅਤੇ ਸਿੱਖਿਆ) ਅਤੇ "ਏਕ ਪੇਡ ਮਾਂ ਕੇ ਨਾਮ" (ਮਾਂ ਦੇ ਨਾਮ ਲਈ ਇੱਕ ਰੁੱਖ) ਵਰਗੀਆਂ ਪਹਿਲਕਦਮੀਆਂ ਵੀ ਸ਼ਾਮਲ ਹਨ, ਜਿਸਦਾ ਉਦੇਸ਼ ਸੰਪੂਰਨ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਸਮੇਂ ਮਿਡ-ਡੇ-ਮੀਲ ਦੇ ਇੰਨਚਾਰਜ ਮੈਡਮ ਪਲਵਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਫਰੂਟ ਵੀ ਵੰਡਿਆ ਗਿਆ ਅਤੇ ਖਾਣਾ ਖਾਣ ਸਮੇਂ ਆਪਣੇ ਆਲੇ-ਦੁਆਲੇ ਦੀ ਸਫਾਈ ਦਾ ਧਿਆਨ ਰੱਖਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਪ੍ਰਿੰਸੀਪਲ ਮੈਡਮ ਆਸ਼ਾ ਰਾਣੀ ਸਮੇਤ ਰਣਜੀਤ ਕੌਰ,ਬਲਦੇਵ ਸਿੰਘ, ਦਵਿੰਦਰ ਕੌਰ,ਅਨੀਤਾ ਸ਼ਰਮਾਂ,ਰੁਪਿੰਦਰ ਕੌਰ,ਦੀਦਾਰ ਸਿੰਘ, ਮੰਜੂ ਕੁਮਾਰੀ , ਹਰਵਿੰਦਰ ਸਿੰਘ ਸੋਨੀਆਂ, ਨਵਨੀਤ ਕੌਰ,ਪਰਮਿੰਦਰ ਕੌਰ,ਜਸਪ੍ਰੀਤ ਕੌਰ, ਰਾਜਵਿੰਦਰ ਕੌਰ ,ਅਮਰਜੀਤ ਕੌਰ ,ਸਰਵਣ ਕੌਰ,ਪਲਵਿੰਦਰ ਕੌਰ, ਸਤਪਾਲ , ਅਮਨਦੀਪ ਕੌਰ ,ਮਨਦੀਪ ਕੁਮਾਰ ,ਦਿਲਬਾਗ ਸਿੰਘ ਕੰਗ ਅਤੇ ਸੰਤ ਰਾਮ ਸਮੇਤ ਸਮੂਹ ਸਟਾਫ ਹਾਜ਼ਰ ਸਨ।

# ਪੰਜਾਬੀ ਭਾਸ਼ਾ ਦੇ ਮਾਣ ਸਤਿਕਾਰ ਲਈ ਸਾਰਿਆਂ ਦਾ ਸਹਿਯੋਗ ਜ਼ਰੂਰੀ-ਜ਼ਿਲ੍ਹਾ ਭਾਸ਼ਾ ਅਫ਼ਸਰ

**ਕਪੂਰਥਲਾ, (ਕੌੜਾ)–** ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵਲੋਂ ਰਾਜ ਸਰਕਾਰ ਦੇ ਸਮੂਹ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਅਰਧ ਸਰਕਾਰੀ ਅਦਾਰਿਆਂ, ਬੋਰਡ, ਨਿਗਮ, ਵਿੱਦਿਅਕ ਸੰਸਥਾਵਾਂ ਆਦਿ ਦੇ ਨਾਂਅ ਅਤੇ ਸੜਕਾਂ ਦੇ ਨਾਂਅ ਅਤੇ ਸੜਕਾਂ ਦੇ ਨਾਂਅ ਦੀਆਂ ਪੱਟੀਆਂ, ਮੀਲ ਪੱਥਰ, ਸਾਈਨ ਬੋਰਡ ਲਿਖਣ ਸਮੇਂ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਹਨ। ਜੇਕਰ ਕਿਸੇ ਹੋਰ ਭਾਸ਼ਾ ਵਿਚ ਨਾਮ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁਖੀ) ਤੋਂ ਬਾਅਦ ਲਿਖਿਆ ਜਾਵੇ। ਇਸ ਸਬੰਧੀ ਜਾਣਕਾਰੀ ਦਿੰਦਿਆ ਸ਼੍ਰੀਮਤੀ ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਇਸ ਮਾਮਲੇ ਪ੍ਰਤੀ ਬੇਹੱਦ ਸੰਜੀਦਾ ਹੈ ਤੇ ਕਿਸੇ ਪ੍ਰਕਾਰ ਦੀ ਅਣਗਹਿਲੀ ਨਹੀਂ ਵਰਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬੀ ਮਾਤ-ਭਾਸ਼ਾ ਪੰਜਾਬ ਰਾਜ ਦੀ ਜਿੰਦ-ਜਾਨ ਹੈ ਤੇ ਪੰਜਾਬੀਅਤ ਦਾ ਮਾਣ ਹੈ। ਇਸ ਲਈ ਸਬੰਧਿਤ ਹੁਕਮਾਂ ਅਧੀਨ ਆਉਂਦੇ ਸਾਰਿਆਂ ਨੂੰ ਹੀ ਅਪੀਲ ਹੈ ਕਿ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਦਫ਼ਤਰਾਂ/ਸਥਾਨਾਂ ਦੀ ਪੜਤਾਲ ਕਰ ਲਈ ਜਾਵੇ ਤੇ ਇਹ ਵੀ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਜਾਵੇ ਕਿ ਸ਼ਬਦ ਜੋੜ ਵੀ ਠੀਕ ਹੋਣ। ਜੇਕਰ ਕੋਈ ਇਸ ਤਰ੍ਹਾਂ ਦੀ ਕਮੀ ਪਾਈ ਜਾਂਦੀ ਹੈ ਤਾਂ ਸਬੰਧਤ ਅਧਿਕਾਰੀਆਂ ਵਲੋਂ ਜਲਦੀ ਤੋਂ ਜਲਦੀ ਠੀਕ ਕਰਵਾਈ ਜਾਵੇ। ਇਨ੍ਹਾਂ ਹਦਾਇਤਾਂ ਸਬੰਧੀ ਪੰਜਾਬ ਸਰਕਾਰ ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਵਲੋਂ ਜਾਰੀ ਪੱਤਰ ਵੀ ਵਿਭਾਗਾਂ ਨੂੰ ਭੇਜ ਦਿੱਤਾ ਗਿਆ ਹੈ। ਇਸ ਸਬੰਧੀ ਕਿਸੇ ਵੀ ਸਮੇਂ ਦਫ਼ਤਰ ਭਾਸ਼ਾ ਵਿਭਾਗ ਕਪੂਰਥਲਾ ਤੋਂ ਅਗਵਾਈ ਜਾਂ ਸਹਿਯੋਗ ਵੀ ਲਿਆ ਜਾ ਸਕਦਾ ਹੈ। ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਪੰਜਾਬ ਦਾ ਮੂਲ ਮਨੋਰਥ ਪੰਜਾਬ ਵਾਸੀਆਂ ਨੂੰ ਨਾਲ ਲੈ ਕੇ ਪੰਜਾਬੀ ਭਾਸ਼ਾ ਸਬੰਧੀ ਕਮੀਆਂ ਅਤੇ ਤਰੁਟੀਆਂ ਨੂੰ ਦੂਰ ਕਰਨਾ ਹੈ ਤੇ ਪੰਜਾਬੀ ਭਾਸ਼ਾ ਦਾ ਬਣਦਾ ਮਾਣ ਸਤਿਕਾਰ ਕਾਇਮ ਰੱਖਣਾ ਹੈ।



**ਜ਼ਿਲ੍ਹਾ ਭਾਸ਼ਾ ਅਫਸਰ ਜਸਪ੍ਰੀਤ ਕੌਰ ਜਾਣਕਾਰੀ ਦਿੰਦੇ ਹੋਏ ।**

# ਪੈਨਸ਼ਨਰਾਂ ਨੂੰ ਪੈਨਸ਼ਨ ਭਵਨ ਬਣਾਕੇ ਦਿੱਤਾ ਜਾਵੇ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਬਲਾਕ ਭਗਤਾ ਭਾਈਕਾ ਦੀ ਮੀਟਿੰਗ ਪ੍ਰਧਾਨ ਸ਼੍ਰੀ ਆਤਮਤੇਜ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਗੁਰਜੀਤ ਸਿੰਘ ਜਨਰਲ ਸਕੱਤਰ ਨੇ ਪਿਛਲੇ ਮਹੀਨੇ ਪੰਜਾਬ ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਕੀਤੀਆਂ ਗਈਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ ਗਿਆ। 01/01/2016 ਤੋਂ 30/06/2021 ਤੱਕ ਦੇ ਏਰੀਅਰ ਬਾਰੇ ਦੱਸਿਆ ਗਿਆ। ਸ਼੍ਰੀ ਸੁਲੱਖਣ ਸਿੰਘ ਸੀਨੀਅਰ ਮੀਤ ਪ੍ਰਧਾਨ ਨੇ 01/01/2016 ਤੋਂ ਬਾਅਦ ਰਿਟਾਇਰ ਹੋਣ ਵਾਲੇ ਪੈਨਸ਼ਨਰਾਂ ਨੂੰ ਮਿਲਣ ਵਾਲੇ ਏਰੀਅਰ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਬਾਰੇ ਦੱਸਿਆ ਗਿਆ। ਸ਼੍ਰੀ ਨਰਿੰਦਰਪਾਲ ਜੀ ਨੇ ਪੁਲਵਾਮਾ ਵਿੱਚ ਮਾਰੇ ਗਏ ਸੈਲਾਨੀਆ ਬਾਰੇ ਵਿਸਥਾਰ ਪੂਰਵਕ ਦੱਸਿਆ। ਸ਼੍ਰੀ ਰਣਧੀਰ ਸਿੰਘ ਨੇ ਆਪਣੇ ਸਮਾਜ ਨਾਲ ਨੇੜੇ ਦੇ ਸੰਬੰਧ ਬਣਾਉਣ ਲਈ ਸਾਰੇ ਪੈਨਸ਼ਨਰਾਂ ਨੂੰ ਪ੍ਰੇਰਿਤ ਕੀਤਾ । ਮੀਟਿੰਗ ਦੇ ਅੰਤ ਵਿੱਚ ਪ੍ਰਧਾਨ ਸ਼੍ਰੀ ਆਤਮਤੇਜ ਸ਼ਰਮਾ ਨੇ ਬਹੁਤ ਸਾਰੇ ਵਿਸ਼ਿਆਂ ਉੱਪਰ ਚਾਨਣਾ ਪਾਇਆ ਅਤੇ ਵੱਖ-ਵੱਖ ਮਤਿਆਂ ਉੱਪਰ ਪੈਨਸ਼ਨਰਾਂ ਦੀ ਰਾਇ ਜਾਣੀ । ਸਾਰੇ ਪੈਨਸ਼ਨਰਾਂ ਨੇ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਪੈਨਸ਼ਨਰਾਂ ਨੂੰ ਮੀਟਿੰਗ ਕਰਨ ਸੰਬੰਧੀ ਆਉਂਦੀ ਸਮੱਸਿਆ ਅਤੇ ਹੋਰ ਸਰਗਰਮੀਆਂ ਕਰਨ ਲਈ ਬਲਾਕ ਭਗਤਾ ਭਾਈਕਾ ਦੇ ਤਹਿਸੀਲ ਕੰਪਲੈਕਸ ਵਿੱਚ ਇੱਕ ਪੈਨਸ਼ਨ ਭਵਨ ਬਣਾਇਆ ਜਾਵੇ। ਇਸ ਮਤੇ ਉਪਰ 100 ਤੋਂ ਵੱਧ ਪੈਨਸ਼ਨਰਾਂ ਨੇ ਆਪਣੇ ਦਸਤਖ਼ਤ ਕੀਤੇ ਜੋ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਦਿੱਤਾ ਜਾਵੇਗਾ। ਮੀਟਿਗ ਵਿੱਚ ਮਾਸਟਰ ਨਛੱਤਰ ਸਿੰਘ, ਮਾਸਟਰ ਗੁਰਦੀਪ ਸਿੰਘ, ਮਾਸਟਰ ਹਰਮੇਲ ਸਿੰਘ, ਸ਼੍ਰੀ ਬੂਟਾ ਸਿੰਘ, ਮਾਸਟਰ ਦਿਲਬਾਰਾ ਸਿੰਘ, ਸ਼੍ਰੀ ਗੁਰਦੀਪ ਸਿੰਘ, ਮਾਸਟਰ ਲਾਭ ਸਿੰਘ, ਮਾਸਟਰ ਰਣਜੋਧ ਸਿੰਘ, ਸ਼੍ਰੀ ਗੁਰਜੰਟ ਸਿੰਘ, ਸ਼੍ਰੀ ਰੇਸ਼ਮ ਸਿੰਘ, ਮਾਸਟਰ ਪਰਮਜੀਤ ਸਿੰਘ, ਮਾਸਟਰ ਬਲਵਿੰਦਰ ਸਿੰਘ, ਸ਼੍ਰੀ ਕੰਵਰ ਕੌਰ ਸਿੰਘ, ਮਾਸਟਰ ਜੋਰਾ ਸਿੰਘ, ਸ਼੍ਰੀ ਸੁਰਜਣ ਸਿੰਘ, ਪਟਵਾਰੀ ਦਰਸ਼ਨ ਸਿੰਘ, ਮਾਸਟਰ ਮੇਜਰ ਸਿੰਘ ਆਦਿ ਹਾਜ਼ਰ ਸਨ।



for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# 65 ਸਾਲ ਪੁਰਾਣੀ ਲਿਖਾਰੀ ਸਭਾ ਜਗਤਪੁਰ ਦਾ ਨਵਾਂ ਇਨਸੀਗਨੀਆ ਅਤੇ ਨਵਾਂ ਵਿਧਾਨ ਸਵਿਕਾਰਿਆ ਗਿਆ





**ਜਗਤਪੁਰਾ (ਰਮੇਸ਼ਵਰ ਸਿੰਘ)** ਲਿਖਾਰੀ ਸਭਾ ਜਗਤਪੁਰ ਰਜਿ. ਦੀ ਸਮੂਹਿਕ ਮੈਂਬਰਾਂ ਦੀ ਮੀਟਿੰਗ, ਸਰਕਾਰੀ ਹਾਈ ਸਕੂਲ ਜਗਤਪੁਰ ਵਿਖੇ ਹੋਈ। ਇਸ ਮੀਟਿੰਗ ਵਿੱਚ ਲਿਖਾਰੀ ਸਭਾ ਜਗਤਪੁਰ ਦਾ ਇਨਸੀਗਨੀਆ/ਲੋਗੋ/ਨਿਸ਼ਾਨ ਅਤੇ ਲਿਖਾਰੀ ਸਭਾ ਜਗਤਪੁਰ ਰਜਿ. ਦਾ ਵਿਧਾਨ ਸਭਾ ਦੇ ਸਕੱਤਰ ਵੱਲੋਂ, ਸਭਾ ਦੇ ਬਾਕੀ ਮੈਂਬਰਾਂ ਨੂੰ ਸੁਣਿਆ ਗਿਆ। ਇਸ ਸਭਾ ਦੇ ਇਨਸਿਗਨੀਆਂ ਦੀ ਸਵੀਕ੍ਰਿਤੀ ਲੈਣ ਅਤੇ ਵਿਧਾਨ ਦੀ ਸਵੀਕ੍ਰਿਤੀ ਲੈਣ ਲਈ ਇਹ ਮੀਟਿੰਗ ਰੱਖੀ ਗਈ ਸੀ। ਇਸੇ ਦੌਰਾਨ ਸਭਾ ਦੀ ਇਸ ਮੀਟਿੰਗ ਵਿੱਚ ਬੈਠੇ ਬਾਕੀ ਮੈਂਬਰਾਂ ਨੇ ਵੀ ਸਭਾ ਦੇ ਵਿਧਾਨ ਅਤੇ ਲੋਗੋ ਨੂੰ ਲੈ ਕੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸੇ ਦੌਰਾਨ ਸਭਾ ਦੀ ਪਹਿਲੀ ਮੀਟਿੰਗ ਵਿੱਚ ਸੁਣਾਏ ਗਏ ਸਭਾ ਦੇ ਪੈਨਲ ਨੂੰ ਵੀ ਸੁਣਾਇਆ ਗਿਆ। ਇਸ ਮੀਟਿੰਗ ਵਿੱਚ ਹਾਜ਼ਰ ਕਵੀ ਦੋਸਤਾਂ ਵੱਲੋਂ ਆਪਣੀਆਂ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ ਗਈ। ਮੀਟਿੰਗ ਦੇ ਅੰਤ ਵਿੱਚ ਸਭਾ ਦੇ ਸਰਪ੍ਰਸਤ ਸਰਦਾਰ ਮਹਿੰਦਰ ਸਿੰਘ ਦੁਸਾਂਝ ਹੁਣਾਂ ਨੇ ਦੱਸਿਆ ਕਿ ਇਹ ਸਭਾ 1960 ਵਿੱਚ ਬਣਾਈ ਗਈ ਸੀ ਅਤੇ ਇਸ ਸਭਾ ਦੀ ਸ਼ੁਰੂਆਤ ਵੀ ਸਰਦਾਰ ਮਹਿੰਦਰ ਸਿੰਘ ਦੁਸਾਂਝ ਅਤੇ ਰਵਿੰਦਰ ਰਵੀ ਹੁਣਾ ਨੇ ਕੀਤੀ ਸੀ ਅਤੇ ਬਾਅਦ ਵਿੱਚ ਇਲਾਕੇ ਦੀਆਂ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਨੂੰ ਜਨਮ ਦਿੱਤਾ ਸੀ। ਇਸ ਸਭਾ ਵਿੱਚ ਸਮੇਂ ਸਮੇਂ ਤੇ ਵੱਖ-ਵੱਖ ਨਾਮਵਰ ਸ਼ਖਸੀਅਤਾਂ ਨੇ ਹਾਜ਼ਰੀ ਭਰੀ, ਜਿਨਾਂ ਵਿੱਚ ਸੰਤ ਰਾਮ ਉਦਾਸੀ, ਅਵਤਾਰ ਸਿੰਘ ਸੰਧੂ ਪਾਸ਼, ਸ਼ਿਵ ਕੁਮਾਰ ਬਟਾਲਵੀ ,ਪ੍ਰੋਫੈਸਰ ਮੋਹਨ ਸਿੰਘ, ਬਲਰਾਜ ਸਾਹਨੀ ਹੁਣਾਂ ਵਰਗੀਆਂ ਸ਼ਖਸ਼ੀਅਤਾਂ, ਇਸ ਸਭਾ ਵਿੱਚ ਹਾਜ਼ਰੀ ਭਰਦੀਆਂ ਰਹੀਆਂ ਅਤੇ ਕਿਸ ਤਰ੍ਹਾਂ ਸਭਾ ਦੀ ਸ਼ੁਰੂਆਤ ਕਰਦਿਆਂ ਹੋਇਆਂ ਵੱਖ ਵੱਖ ਸਮਾਗਮ ਉਲੀਕਦੇ ਅਤੇ ਕਿਸ ਤਰ੍ਹਾ ਪਿੰਡਾਂ ਦੇ ਆਮ ਲੋਕਾਂ ਦੀ ਮਦਦ ਨਾਲ ਉਹ ਸਮਾਗਮ ਸਿਰੇ ਚੜ੍ਹਾਏ ਜਾਂਦੇ। ਇਸ ਸਭਾ ਦੀ ਇਸ ਮੀਟਿੰਗ ਵਿੱਚ ਸਭਾ ਦੇ ਅੱਗੇ ਲਏ ਜਾਣ ਵਾਲੇ ਫੈਸਲਿਆਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੀਟਿੰਗ ਵਿੱਚ ਲਿਖਾਰੀ ਸਭਾ ਜਗਤਪੁਰ ਦੇ ਸਰਪ੍ਰਸਤ ਸਰਦਾਰ ਮਹਿੰਦਰ ਸਿੰਘ ਦੁਸਾਂਝ, ਪ੍ਰਧਾਨ ਹਰਜਿੰਦਰ ਸਿੰਘ ਪੁਰੇਵਾਲ, ਉਪ ਪ੍ਰਧਾਨ ਦੀਪ ਜਗਤਪੁਰੀ, ਜਰਨਲ ਸਕੱਤਰ ਨੂਰਕਮਲ, ਉਪ ਸਕੱਤਰ ਇਕਬਾਲ ਸਿੰਘ, ਆਡੀਟਰ ਦੀਪ ਸ਼ੇਰਗਿੱਲ, ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਵਿੱਚੋਂ ਨਿਤਿਨ ਸਿੰਘ, ਗੁਰਪ੍ਰੀਤ ਸਿੰਘ ਤੇ ਜਸਵਿੰਦਰ ਭਟੋਆ ਅਤੇ ਮਨਦੀਪ ਮਨਸੂਹਾ ਰੋਪੜ, ਮਾਸਟਰ ਸੰਤੋਖ ਸਿੰਘ ਸੁੰਢ, ਅਜੈਬ ਸਿੰਘ (ਯੂਕੇ ਤੋਂ) ਅਤੇ ਲੇਖਰਾਜ ਲੇਖਾ ਆਦਿ ਹਾਜ਼ਿਰ ਰਹੇ।

# ਕੰਨਿਆ ਸਕੂਲ ਰੋਪੜ ਦੇ ਪ੍ਰਿੰਸੀਪਲ ਮੈਡਮ ਨੇ ਲੋੜਵੰਦ ਵਿਦਿਆਰਥਣਾਂ ਨੂੰ ਕਾਪੀਆਂ ਤੇ ਪੈੱਨ ਵੰਡੇ




**ਰੋਪੜ (ਰੋਮੀ ਘੜਾਮਾਂ):** ਸ.ਸ.ਸ.ਸ. ਸਕੂਲ (ਕੰਨਿਆ) ਰੋਪੜ ਵਿਖੇ ਪ੍ਰਿੰਸੀਪਲ ਸੰਦੀਪ ਕੌਰ ਵੱਲੋਂ ਲੋੜਵੰਦ ਵਿਦਿਆਰਥਣਾਂ ਨੂੰ ਹਰ ਸਾਲ ਦੀ ਤਰ੍ਹਾਂ ਸਹਾਇਤਾ ਹਿੱਤ ਕਾਪੀਆਂ ਅਤੇ ਪੈੱਨ ਵੰਡੇ ਗਏ। ਉਨ੍ਹਾਂ ਪੰਜਵੀਂ ਜਮਾਤ ਵਿੱਚ ਪੁਜੀਸ਼ਨਾਂ ਹਾਸਲ ਕਰ ਕੇ ਇੱਥੇ ਛੇਵੀਂ ਵਿੱਚ ਦਾਖਲ ਹੋਈਆਂ ਵਿਦਿਆਰਥਣਾਂ ਨੂੰ ਉਚੇਚੇ ਤੌਰ 'ਤੇ ਇਨਾਮ ਵੀ ਦਿੱਤੇ। ਜਿਕਰਯੋਗ ਹੈ ਕਿ ਕੰਨਿਆ ਸਕੂਲ ਦੀਆਂ ਵਿਦਿਆਰਥਣਾਂ ਦਾ ਪੜ੍ਹਾਈ, ਖੇਡਾਂ, ਕਲਾਤਮਕ ਮੁਕਾਬਲਿਆਂ ਅਤੇ ਹੋਰ ਗਤੀਵਿਧੀਆਂ ਵਿੱਚ ਹਮੇਸ਼ਾ ਹੀ ਸ਼ਾਨਦਾਰ ਪ੍ਰਦਰਸ਼ਨ ਰਹਿੰਦਾ ਹੈ। ਜਿਸ ਲਈ ਪ੍ਰਿੰਸੀਪਲ ਸੰਦੀਪ ਕੌਰ ਅਤੇ ਸਮੂਹ ਸਟਾਫ਼ ਦੇ ਯਤਨਾਂ ਦਾ ਅਹਿਮ ਯੋਗਦਾਨ ਹੈ।

# ਕੰਨਿਆ ਸਕੂਲ ਰੋਪੜ ਦਾ ਅੱਠਵੀਂ ਦਾ ਨਤੀਜਾ ਰਿਹਾ 100%



**ਰੋਪੜ (ਰੋਮੀ ਘੜਾਮਾਂ):** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਾਲ ਹੀ ਵਿੱਚ ਐਲਾਨਿਆ ਅੱਠਵੀਂ ਜਮਾਤ ਦਾ ਨਤੀਜਾ 97.30% ਰਿਹਾ। ਜਿਸ ਵਿੱਚ ਸ.ਸ.ਸ.ਸ. ਸਕੂਲ (ਕੰਨਿਆ) ਰੋਪੜ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 100% ਨਤੀਜਾ ਹਾਸਲ ਕੀਤਾ। ਪ੍ਰਿੰਸੀਪਲ ਸੰਦੀਪ ਕੌਰ ਵੱਲੋਂ ਵਿਦਿਆਰਥਣਾਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਇਸ ਸਾਲ ਅੰਗਮਦੀਪ ਕੌਰ ਤੇ ਸਿਮਰਨ ਕੌਰ ਨੇ ਪਹਿਲਾ, ਭਵਨੀਤ ਕੌਰ ਨੇ ਦੂਸਰਾ ਅਤੇ ਵਰਨੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ । ਜਿਸ ਲਈ ਪ੍ਰਿੰਸੀਪਲ ਵੱਲੋਂ ਇਹਨਾਂ ਨੂੰ ਇਨਾਮ ਦੇ ਕੇ ਸਨਮਾਨਿਤ ਕਰਦਿਆਂ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

# ਬੀਐਸਐਫ ਦੇ ਸਾਬਕਾ ਡੀਆਈਜੀ ਬੀ ਐਸ ਗਰਚਾ ਨਹੀਂ ਰਹੇ, ਅਮਰੀਕਾ ਵਿੱਚ ਹੋਇਆ ਦੇਹਾਂਤ

## ਸੰਸਕਾਰ ਅਤੇ ਅੰਤਿਮ ਅਰਦਾਸ 6 ਮਈ ਨੂੰ ਲਿਵਰਮੋਰ ਵਿਖੇ

**ਮੇਰੇ ਸਤਿਕਾਰਯੋਗ ਮਾਮਾ ਜੀ ਬਲਵੰਤ ਸਿੰਘ ਗਰਚਾ ਸਾਬਕਾ ਡੀ ਆਈ ਜੀ, ਬੀ ਐਸ ਐਫ ਅਮਰੀਕਾ ਦੇ ਸ਼ਹਿਰ ਲਿਵਰ-ਮੋਰ ਕੈਲੀਫੋਰਨੀਆ ਵਿਖੇ ਬੀਤੀ 3 ਮਈ ਨੂੰ ਅਕਾਲ ਚਲਾਣਾ ਕਰ ਗਏ ਹਨ। ਉਹ 93 ਵਰਿਆਂ ਦੇ ਸਨ।**

**ਅਮਰੀਕਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

ਬਲਵੰਤ ਸਿੰਘ ਗਰਚਾ ਜੋ ਪਹਿਲਾਂ ਗੁਰੂ ਨਾਨਕ ਇੰਜਨੀਅਰ ਕਾਲਜ ਲੁਧਿਆਣਾ ਵਿਖੇ ਪ੍ਰੋਫੈਸਰ ਰਹੇ। ਉਸ ਤੋਂ ਬਾਅਦ ਆਰਮੀ ਦੇ ਵਿੱਚ ਲੈਫਟੀਨੈਂਟ ਭਰਤੀ ਹੋਏ ਅਤੇ 1992 ਵਿੱਚ ਬੀਐਸਐਫ ਦੇ ਵਿਚ ਨੌਕਰੀ ਕਰਦਿਆਂ ਓਹ ਡੀ ਆਈਜੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ । ਉਹਨਾਂ ਨੇ ਤਿੰਨ ਦਹਾਕੇ ਆਪਣੀ ਨੌਕਰੀ ਦੌਰਾਨ ਡਿਊਟੀ ਪ੍ਰਤੀ ਸਮਰਪਿਤ ਭਾਵਨਾ ਅਤੇ ਇਮਾਨਦਾਰੀ ਦੀ ਮਿਸਾਲ ਪੈਦਾ ਕੀਤੀ। ਉਹਨਾਂ ਦਾ ਜਨਮ ਪਿੰਡ ਢੰਡਾਰੀ ਕਲਾਂ ਜਿਲਾ ਲੁਧਿਆਣਾ ਵਿਖੇ ਪਿਤਾ ਕਰਤਾਰ ਸਿੰਘ, ਮਾਤਾ ਤੇਜ ਕੌਰ ਦੀ ਕੁੱਖੋਂ 10 ਅਕਤੂਬਰ



1932 ਨੂੰ ਹੋਇਆ। ਅੱਜ ਕੱਲ ਉਹ ਆਪਣੇ ਬੇਟੇ ਰਮਿੰਦਰ ਸਿੰਘ ਗਰਚਾ ਰੰਮੀ ਕੋਲ ਅਮਰੀਕਾ ਵਿਖੇ ਰਹਿ ਰਹੇ ਸਨ। ਉਹਨਾਂ ਦੇ ਤਿੰਨ ਬੇਟੇ ਹਨ। ਉਹਨਾਂ ਦਾ ਅੰਤਿਮ ਸੰਸਕਾਰ ਲਿਵਰਮੋਰ crematory 3833 East avenue iLvermore CA 94550 ਵਿਖੇ 6 ਮਈ ਨੂੰ ਸਵੇਰੇ 9 ਤੋਂ 12 ਵਜੇ, ਅੰਤਿਮ ਅਰਦਾਸ 6 ਮਈ ਨੂੰ ਹੀ 12 ਤੋਂ 3 ਵਜੇ ਤੱਕ ਗੁਰਦੂਆਰਾ ਸਾਹਿਬ ਲਿਵਰਮੋਰ ਵਿਖੇ ਹੋਵੇਗੀ । ਉਹਨਾਂ ਦੇ ਅਚਨਚੇਤ ਚਲੇ ਜਾਣ ਨਾਲ ਗਰਚਾ ਪਰਿਵਾਰ ਜਰਖੜ ਪਰਿਵਾਰ ਅਤੇ ਹੋਰ ਰਿਸ਼ਤੇਦਾਰ ਦੋਸਤਾਂ ਮਿੱਤਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਪਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਸਾਨੂੰ ਅਤੇ ਸਾਰੇ ਪਰਿਵਾਰਾਂ ,ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜਗਰੂਪ ਸਿੰਘ ਜਰਖੜ +91-98143-00722

# ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਉਣ ਦੀ ਸ਼ੁਰੂਆਤ ਬੁੱਧ ਬੰਧਨਾਂ ਨਾਲ ਕੀਤੀ ਗਈ

**ਫਗਵਾੜਾ( ਚਰਨਜੀਤ ਸੱਲ੍ਹਾ )** ਮਿਤੀ 03 ਮਈ 2025 ਨੂੰ ਡਾ. ਬੀ. ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਪਿੰਡ ਕਾਂਸ਼ੀ ਨਗਰ ਫਗਵਾੜਾ ਵਲੋਂ ਸਮੂਹ ਐਨ. ਆਰ. ਆਈ. ਵੀਰਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਬੁੱਧ ਵੰਦਨਾ ਨਾਲ ਕੀਤੀ ਗਈ । ਨਵੀਂ ਸੋਚ ਕੋਰੀਓਗਰਾਫੀ ਗਰੁੱਪ, ਪੱਧੀ ਖਾਲਸਾ ਵਲੋਂ ਬਾਬਾ ਸਾਹਿਬ ਦੇ ਮਿਸ਼ਨ ਸਬੰਧੀ ਕੋਰਿਓਗਰਾਫੀਆਂ ਪੇਸ਼ ਕੀਤੀਆਂ ਗਈਆਂ । ਪਿੰਡ ਕਾਂਸ਼ੀ ਨਗਰ ਦੇ ਬੱਚਿਆਂ ਵੱਲੋਂ ਵੀ ਕਵਿਤਾਵਾਂ, ਗੀਤ ਅਤੇ ਕੋਰਿਓਗਰਾਫੀਆਂ ਪੇਸ਼ ਕੀਤੀਆਂ ਗਈਆਂ ਜੋ ਸਰੋਤਿਆਂ ਵਲੋਂ ਬਹੁਤ ਪਸੰਦ ਕੀਤੇ ਗਏ । ਸੀਨੀਅਰ ਮਿਸ਼ਨਰੀ ਆਗੂ ਅਸ਼ੋਕ ਸੰਧੂ ਜੀ ਵਲੋਂ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਮਿਸ਼ਨ ਉੱਤੇ ਵਿਸਥਾਰ ਸਹਿਤ ਚਾਨਣਾ ਪਾਇਆ ਗਿਆ । ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਮਿਸ਼ਨਰੀ ਲੇਖਕ



ਰਾਜੇਸ਼ ਭਬਿਆਣਾ ਜੀ ਨੇ ਆਪਣੀ ਨਵੀਂ ਪ੍ਰਕਾਸ਼ਿਤ ਪੁਸਤਕ "ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਜੀਵਨ ਸੰਘਰਸ਼ ਅਤੇ ਮਿਸ਼ਨ" ਡਾ. ਬੀ. ਆਰ. ਅੰਬੇਡਕਰ ਮਿਸ਼ਨ ਸੁਸਾਇਟੀ ਨੂੰ ਭੇਂਟ ਕੀਤੀ । ਪੜ੍ਹਾਈ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਨੂੰ ਸੁਸਾਇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਪ੍ਰਸਿੱਧ ਮਿਸ਼ਨਰੀ ਗਾਇਕ ਗੋਲਡਮੈਡਲਿਸਟ ਬਲਵਿੰਦਰ ਬਿੱਟੂ ਵਲੋਂ ਆਪਣੇ ਮਿਸ਼ਨਰੀ ਗੀਤਾਂ ਨਾਲ ਹਾਜ਼ਰੀ ਲਗਵਾਈ । ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਐਨ. ਆਰ. ਆਈ. ਵੀਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਸੁਸਾਇਟੀ ਵੱਲੋਂ ਐਨ. ਆਰ. ਆਈ. ਵੀਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਅਤੇ ਅੱਗੇ ਤੋਂ ਵੀ ਉਹਨਾਂ ਵਲੋਂ ਇਸੇ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਕੀਤੀ ਗਈ । ਸਟੇਜ ਸੰਚਾਲਨ ਮਿਸ਼ਨਰੀ ਲੇਖਕ ਬਲਵਿੰਦਰ ਪੁਆਰ ਅਤੇ ਮਨੀ ਅੰਬੇਡਕਰੀ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ । ਪ੍ਰੋਗਰਾਮ ਵਿੱਚ ਪਹੁੰਚਣ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਅਸ਼ੋਕ ਸੰਧੂ, ਮਿਸ਼ਨਰੀ ਲੇਖਕ ਰਾਜੇਸ਼ ਭਬਿਆਣਾ, ਪਿਆਰਾ ਲਾਲ, ਮਨਜੀਤ ਮਾਨ, ਬੰਟੀ ਮੋਰਾਂ ਵਾਲੀਆਂ, ਦੇਸ ਰਾਜ ਸਾਬਕਾ ਸਰਪੰਚ, ਜਸਪਿੰਦਰ ਕੁਮਾਰ ਸਾਬਕਾ ਸਰਪੰਚ, ਬਲਬੀਰ ਕੁਮਾਰ ਸਾਬਕਾ ਸਰਪੰਚ, ਗੁਰਦੇਵ ਚੰਦ ਲੰਬੜਦਾਰ, ਸੰਤੋਖ ਲਾਲ, ਮਾਸਟਰ ਮਨਜੀਤ ਲਾਲ, ਯਸ਼ਪਾਲ, ਰਾਕੇਸ਼ ਕੁਮਾਰ, ਵਿਵੇਕ ਕੈਂਥ, ਮਨਜੀਤ ਗਾਟ, ਧਰਮ ਪਾਲ ਭਿੰਦਾ, ਅਨਿਲ ਕੁਮਾਰ ਨੀਲਾ, ਦਲਜੀਤ ਕੁਮਾਰ, ਹੈਪੀ ਕਾਂਸ਼ੀ ਨਗਰ, ਬਲਬੀਰ ਕੁਮਾਰ ਬੀਰਾ, ਬੌਬੀ ਆਦਿ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ ਵਿੱਚ ਮਨਜੀਤ ਗਾਟ ਅਤੇ ਧਰਮ ਪਾਲ ਭਿੰਦਾ ਵਲੋਂ ਸਮਾਗਮ ਵਿੱਚ ਪਹੁੰਚਣ ਵਾਲੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸੁਰਿੰਦਰ ਧੰਜਲ ਨਾਲ ਰੂ-ਬਰੂ ਕਰਵਾਇਆ ਗਿਆ

**ਬਰਨਾਲਾ (ਚੰਡਿਹੋਕ )** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕੈਨੇਡਾ ਨਿਵਾਸੀ ਸ਼ਾਇਰ ਸੁਰਿੰਦਰ ਧੰਜਲ ਦਾ ਰੂ-ਬਰੂ ਕਰਵਾਇਆ ਗਿਆ। ਇਸ ਮੌਕੇ ਸੁਰਿੰਦਰ ਧੰਜਲ ਨੇ ਖਚਾ-ਖਚ ਭਰੇ ਹਾਲ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਮੈਂ ਬਚਪਨ ਵਿਚ ਹੀ ਆਪਣੇ ਮਨ ਵਿਚ ਇਹ ਗੱਲ ਵਸਾ ਲਈ ਸੀ ਕਿ ਪੜ੍ਹਾਈ ਵਿਚ ਉੱਚੀ ਤੋਂ ਉੱਚੀ ਡਿਗਰੀ ਪ੍ਰਾਪਤ ਕਰਨੀ ਹੈ। ਸਾਨੂੰ ਆਪਣੇ ਬੱਚਿਆਂ ਨੂੰ ਅਜਿਹਾ ਮਾਹੌਲ ਦੇਣਾ ਚਾਹੀਦਾ ਹੈ ਕਿ ਉਹ ਆਪਣੇ ਮਨਾਂ ਵਿਚ ਉੱਚੇ ਤੋਂ ਉੱਚੇ ਸੁਪਨੇ ਬੀਜ ਸਕਣ। ਵੱਡਾ ਸਵਾਲ ਇਹ ਹੈ ਕਿ ਅੱਜ ਦੇ ਮਨੁੱਖ ਨੇ ਵਿਗਿਆਨ ਦੇ ਮਾਧਿਅਮ ਰਾਹੀਂ ਅਨੇਕਾਂ ਸੁੱਖ ਸਹੂਲਤਾਂ ਤਾਂ ਪ੍ਰਾਪਤ ਕਰ ਲਈਆਂ ਪਰ ਸੰਵੇਦਨਾ ਨੂੰ ਗੁਆ ਲਿਆ ਹੈ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਭੀਮ ਇੰਦਰ ਸਿੰਘ ਨੇ ਕਿਹਾ ਕਿ ਸਾਹਿਤ ਅਤੇ ਕਲਾ ਨਾਲ ਜੁੜੇ ਲੋਕਾਂ ਨੂੰ ਇਸ ਗੱਲ ਤੋਂ ਸੁਚੇਤ ਹੋਣ ਦੀ ਲੋੜ ਹੈ ਕਿ ਅੱਜ ਸੰਸਾਰ ਵਿਚ ਦੂਜੇ ਮਹਾਂਯੁੱਧ ਵਾਲੀਆਂ ਸਥਿਤੀਆਂ ਪੈਦਾ ਕੀਤੀਆਂ ਜਾ ਰਹੀਆਂ ਹਨ। ਇਹਨਾਂ ਸਥਿਤੀਆਂ ਨੂੰ ਰੋਕਣ ਲਈ ਸਾਨੂੰ ਆਪੋ ਆਪਣੇ ਖੇਤਰਾਂ



ਵਿਚ ਕੰਮ ਕਰਨਾ ਪਵੇਗਾ। ਇਹਨਾਂ ਤੋਂ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਡਾ ਜੋਗਿੰਦਰ ਸਿੰਘ ਨਿਰਾਲਾ, ਸੀ. ਮਾਰਕੰਡਾ, ਬੂਟਾ ਸਿੰਘ ਚੌਹਾਨ, ਭੋਲਾ ਸਿੰਘ ਸੰਘੇੜਾ ਅਤੇ ਡਾ. ਹਰਿਭਗਵਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰਧਾਨਗੀ ਮੰਡਲ ਤੋਂ ਬਿਨਾਂ ਸੰਘ ਦੇ ਮੈਂਬਰ ਅਤੇ ਸਹਿਯੋਗੀ ਮਹਿੰਦਰ ਪਾਲ ਭੱਠਲ, ਜਗਰਾਜ ਧੌਲਾ ਮੇਜਰ ਸਿੰਘ ਗਿੱਲ, ਜਗਤਾਰ ਜਜ਼ੀਰਾ, ਹਰਦੀਪ ਕੁਮਾਰ, ਵਿਜੇ ਕੁਮਾਰ, ਦਿਲਪ੍ਰੀਤ ਚੌਹਾਨ, ਸਿੰਦਰ ਧੌਲਾ ਅਤੇ ਇਕਬਾਲ ਕੌਰ ਉਦਾਸੀ ਵੱਲੋਂ ਸੁਰਿੰਦਰ ਧੰਜਲ ਨੂੰ ਸਨਮਾਨ ਕਰਨ ਦੀ ਰਸਮ ਵੀ ਅਦਾ ਕੀਤੀ ਗਈ। ਇਸ ਤੋਂ ਬਿਨਾਂ ਦਵਿੰਦਰ ਸਤਿਆਰਥੀ ਸਾਹਿਤ ਸਭਾ ਭਦੌੜ, ਲਿਖਾਰੀ ਸਭਾ ਧਨੌਲਾ ਅਤੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਕਾਰਕੁਨਾਂ ਵੱਲੋਂ ਵੀ ਧੰਜਲ ਦਾ ਸਨਮਾਨ ਕੀਤਾ ਗਿਆ। ਸਮਾਗਮ ਦਾ ਆਗਾਜ਼ ਕਵੀ ਦਰਬਾਰ ਨਾਲ ਹੋਇਆ ਜਿਸ ਵਿਚ ਨਵਦੀਪ ਧੌਲਾ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਦਰਸ਼ਨ ਸਿੰਘ ਗੁਰੂ, ਡਾ. ਰਾਮ ਪਾਲ ਸ਼ਾਹਪੁਰੀ, ਸੁਰਜੀਤ ਦਿਹੜ, ਹਾਕਮ ਸਿੰਘ ਰੂੜੇਕੇ, ਰਜਿੰਦਰ ਸ਼ੌਕੀ, ਸੁਦਰਸ਼ਨ ਗੁੱਡੂ, ਗ਼ਮਦੂਰ ਰੰਗੀਲਾ, ਰਘਵੀਰ ਸਿੰਘ ਗਿੱਲ, ਸੁਖਵਿੰਦਰ ਸਿੰਘ ਸਨੇਹ, ਅਜਮੇਰ ਅਕਲੀਆ, ਜੰਗੀਰ ਸਿੰਘ ਦਿਲਬਰ, ਜਗਜੀਤ ਕੌਰ ਢਿਲਵਾਂ, ਕਰਮਜੀਤ ਜੱਗੀ ਭੋਤਨਾ, ਅਕ੍ਰਿਤੀ ਕੌਸ਼ਲ ਅਤੇ ਮਨਨ ਕੌਸ਼ਲ ਆਪਣੀਆਂ ਕਵਿਤਾਵਾਂ ਦਾ ਪਾਠ ਕੀਤਾ। ਇਸ ਮੌਕੇ ਤੇਜਿੰਦਰ ਚੰਡਿਹੋਕ, ਪਵਨ ਪਰਿੰਦਾ, ਪਰਮਜੀਤ ਮਾਨ, ਬਿੱਕਰ ਸਿੰਘ ਔਲਖ, ਵਿਨੋਦ ਅਨੀਕੇਤ ਆਦਿ ਹਾਜ਼ਰ ਸਨ।

# ਯੰਗ ਕਲੱਬ ਮੈਲਬੌਰਨ ਨੇ ਜਿੱਤਿਆ ਰੁਆਇਲ ਐਂਡ ਆਜ਼ਾਦ ਕਬੱਡੀ ਕੱਪ

## ਜੋਰਾ ਸਰਹਾਲੀ ਮੰਡ ਬਣਿਆ ਸਰਵੋਤਮ ਧਾਵੀ, ਰਾਜੂ ਸਾਹਪੁਰੀਆ ਬਣਿਆ ਵਧੀਆ ਜਾਫੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ./ਹਰਜਿੰਦਰ ਪਾਲ ਛਾਬੜਾ)** ਰੁਆਇਲ ਐਂਡ ਅਜ਼ਾਦ ਕਬੱਡੀ ਕਲੱਬ ਮੈਲਬੌਰਨ ਵੱਲੋਂ ਕਰਵਾਇਆ ਗਿਆ ਛੇਵਾਂ ਆਜ਼ਾਦ ਰੋਇਲ ਐਂਡ ਆਜ਼ਾਦ ਕਬੱਡੀ ਕੱਪ ਯੰਗ ਕਲੱਬ ਮੈਲਬੌਰਨ ਨੇ ਜਿੱਤਿਆ । ਅੱਜ ਕੀਜ਼ ਬਰੋਜ ਦੇ ਖੇਡ ਮੈਦਾਨ ਵਿੱਚ ਖੇਡੇ ਗਏ ਇਸ ਕਬੱਡੀ ਕੱਪ ਵਿੱਚ 5 ਟੀਮਾਂ ਨੇ ਹਿੱਸਾ ਲਿਆ । ਜਿਸ ਨੂੰ ਵੇਖਣ ਲਈ ਪੰਜਾਬੀ ਭਾਈਚਾਰਾ ਵੱਡੀ ਗਿਣਤੀ ਵਿੱਚ ਆਇਆ । ਖੇਡਿਆ ਗਿਆ ਫਾਈਨਲ ਮੁਕਾਬਲਾ ਯੰਗ ਕਬੱਡੀ ਕਲੱਬ ਮੈਲਬੌਰਨ ਅਤੇ ਆਜ਼ਾਦ ਕਬੱਡੀ ਕਲੱਬ ਵਿਚਕਾਰ ਹੋਇਆ । ਜਿਸ ਵਿੱਚ ਯੰਗ ਕਲੱਬ ਮੈਲਬੌਰਨ 45-35 ਅੰਕਾਂ ਨਾਲ ਜੇਤੂ ਰਹੀ । ਜੋਰਾ ਸਰਹਾਲੀ ਮੰਡ ਟੂਰਨਾਮੈਂਟ ਦਾ ਸਰਵੋਤਮ ਧਾਵੀ ਬਣਿਆ ਜਦ ਕਿ ਰਾਜ ਸਾਹਪੁਰੀਆ ਨੇ ਵਧੀਆ ਜਾਫੀ ਬਣਨ ਦਾ ਮਾਣ ਹਾਜ਼ਰ ਕੀਤਾ। ਦੋਹਾਂ ਖਿਡਾਰੀਆਂ ਨੂੰ ਸੋਨੇ ਦੇ ਕੈਂਠਿਆਂ ਨਾਲ ਸਨਮਾਨਿਤ ਕੀਤਾ ਗਿਆ। ਕਬੱਡੀ ਸਟਾਰ ਜਸ਼ਨ ਆਲਮਗੀਰ ਨੇ ਵੀ ਮੀਰੀ-ਪੀਰੀ ਕਲੱਬ ਮੈਲਬਰਨ ਵੱਲੋਂ ਖੇਡਦਿਆਂ ਦਰਸ਼ਕਾਂ ਦੀਆਂ ਵਾਹਵਾ ਤਾੜੀਆਂ ਖੱਟੀਆਂ। ਇਸ ਮੌਕੇ ਖੇਡ ਲੇਖਕ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦਾ ਰੁਆਇਲ ਐਂਡ ਅਜ਼ਾਦ ਕਬੱਡੀ





ਕਲੱਬ ਮੈਲਬੌਰਨ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਰੋਇਲ ਐਂਡ ਆਜ਼ਾਦ ਕਲੱਬ ਦੇ ਮੁੱਖ ਪ੍ਰਬੰਧਕ ਰਣਜੀਤ ਸਿੰਘ ਬਾਬਾ, ਨਵ ਗਰੇਵਾਲ, ਸੰਦੀਪ ਸਿੰਘ ਢਿੱਲੋਂ, ਬੱਲੀ ਬਾਲਾ, ਸੋਢੀ ਗਿੱਲ, ਜੱਸੀ ਭਦੌੜ, ਅਵਨਿੰਦਰ ਪੰਧੇਰ, ਗੁਰੂ ਕੰਗ, ਚੈਰੀ ਗਰੇਵਾਲ, ਮਿਲਡੂਰਾ ਹਰਵਿੰਦਰ ਸਿੰਘ ਚੌਧਰੀ, ਹਰਮੇਸ਼ ਸਿੰਘ ਰੋੜਾ, ਗੁਰਪਿੰਦਰ ਸਿੰਘ ਉਪਲ, ਨਵਦੀਪ ਸਿੰਘ ਬੱਲ ਬੁਤਾਲਾ, ਬਾਈ ਬਿੱਕਰ ਸਿੰਘ ਰਾਮਪੁਰਾਫੂਲ, ਪ੍ਰਭਜੋਤ ਸਿੰਘ ਗਰੇਵਾਲ, ਸ਼ੈਰੀ ਹੋਸ਼ਿਆਰਪੁਰ ਕਨਵੀਨਰ ਆਮ ਆਦਮੀ ਪਾਰਟੀ , ਦੇ ਅਮਰਜੀਤ ਸਿੰਘ ਬਰਾੜ ਬਾਜਾਖਾਨਾ ਕਨਵੀਨਰ ਆਮ ਆਦਮੀ ਪਾਰਟੀ ਵਿਕਟੋਰੀਆ, ਸਰਬਜੀਤ ਸਿੰਘ ਬੁਤਾਲਾ , ਕੁਲਜੀਤ ਸਿੰਘ ਬੱਲ, ਮਲਕੀਤ ਸਿੰਘ ਸਿੱਧੂ, ਸਨੀ ਢੀਡਸਾਂ, ਮਨੀ ਹਸਨਪੁਰ, ਅਰਸ਼ਦੀਪ ਸਿੰਘ, ਪ੍ਰੀਤ ਪਹਿਲਵਾਨ ਆਦਿ ਹੋਰ ਪ੍ਰਬੰਧਕ, ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਅੰਤ ਵਿੱਚ ਸੋਢੀ ਗਿੱਲ ਨੇ ਆਏ ਮਹਿਮਾਨਾਂ ਤੇ ਖਿਡਾਰੀਆਂ ਦਾ ਧੰਨਵਾਦ ਕੀਤਾ।

# ਡਾ. ਅੰਬੇਡਕਰ ਸਕੂਲ ਆਫ਼ ਥੋਟ, ਢਲੇਵਾਲ ਵਿਖੇ ਅੱਜ ਇੱਕ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਚਰਚਿਤ ਸਮਾਜਸੇਵੀ ਅਤੇ ਸਿਹਤ ਖੇਤਰ ਦੇ ਪ੍ਰਮੁੱਖ ਵਿਅਕਤੀਆਂ ਨੇ ਹਿੱਸਾ ਲਿਆ

**ਫਗਵਾੜਾ( ਚਰਨਜੀਤ ਸੱਲ੍ਹਾ )** ਇਸ ਮੀਟਿੰਗ ਦੀ ਅਗਵਾਈ ਸਰ ਸੋਹਣ ਸਹਿਜਲ ਜੀ ਵੱਲੋਂ ਕੀਤੀ ਗਈ। ਮੀਟਿੰਗ ਵਿੱਚ ਉਪਸਥਿਤ ਮਹਾਨੁਭਾਵਾਂ ਵਿੱਚ ਡਾ. ਰਾਜਿੰਦਰ ਥਿੰਦ, ਡਾ. ਪ੍ਰਵੀਨ ਥਿੰਦ (ਹੋਲੀ ਫੈਮਲੀ ਹੌਸਪੀਟਲ, ਗੋਰਾਇਆ), ਡਾ. ਰਾਹੁਲ ਅਤੇ ਉਨ੍ਹਾਂ ਦੀ ਧਰਮ ਪਤਨੀ (ਸ਼੍ਰੀ ਗੁਰੂ ਰਵਿਦਾਸ ਮਿਸ਼ਨ ਹੌਸਪੀਟਲ, ਫਗਵਾੜਾ), ਡਾ. ਸੁਧੀਰ ਚੋਹਾਨ (ਸੌਰਵ ਹੌਸਪੀਟਲ, ਗੋਰਾਇਆ), ਕੇਵਲ ਬਿਲਗਾ ਜੀ ਅਤੇ ਡਾ. ਗੁਰਦੀਸ਼ ਕੈਲੇ (ਚਚਰਾੜੀ ਮਿਸ਼ਨ ਹੌਸਪੀਟਲ) ਸ਼ਾਮਲ ਸਨ। ਮੀਟਿੰਗ ਵਿੱਚ ਪ੍ਰਬੁੱਧ ਭਾਰਤ ਫਾਊਂਡੇਸ਼ਨ ਵੱਲੋਂ ਹਰ ਸਾਲ ਕਰਵਾਏ ਜਾਂਦੇ ਬੁੱਕ ਪ੍ਰਤੀਯੋਗਤਾ ਬਾਰੇ ਚਰਚਾ ਕੀਤੀ ਗਈ , ਮੀਟਿੰਗ ਦੌਰਾਨ ਡਾ. ਭੀਮ ਰਾਓ ਅੰਬੇਡਕਰ ਦੇ ਵਿਚਾਰਾਂ, ਸਮਾਜਿਕ ਨਿਆਂ, ਅਤੇ ਆਧੁਨਿਕ ਸਿਹਤ ਸੇਵਾਵਾਂ ਦੀ ਲੋੜ ਅਤੇ ਲਾਗੂ ਕਰਨ ਦੇ ਤਰੀਕਿਆਂ 'ਤੇ ਵਿਚਾਰ-ਵਟਾਂਦਰਾ ਹੋਇਆ। ਵਿਦਵਾਨਾਂ ਨੇ ਸਮਾਜ ਦੇ ਹਿੱਤ ਵਿੱਚ ਸੰਵਿਧਾਨਕ ਮੂਲਿਆਂ, ਚੰਗੀ ਸਿਹਤ ਦੀ ਪਹੁੰਚ ਅਤੇ ਨੈਤਿਕ ਸੇਵਾ ਦੀ ਅਹਿਮੀਅਤ ਨੂੰ ਉਜਾਗਰ ਕੀਤਾ।



# ਗਿਆਨ ਇਕ ਜਾਣਕਾਰੀ ਹੈ ਅਤੇ ਇਹ ਮਹਾਨ ਹੈ- ਮਹਾਂਪੁਰਸ਼ ਸੁਰਿੰਦਰ ਪਾਲ

**ਸ਼ਹੀਦ ਭਗਤ ਸਿੰਘ ਨਗਰ (ਚਰਨਜੀਤ ਸੱਲ੍ਹਾ)** "ਗਿਆਨ ਇਕ ਜਾਣਕਾਰੀ ਹੈ, ਜਿਸ ਦੀ ਰੋਸ਼ਨੀ ਵਿਚ ਬ੍ਰਹਮ ਗਿਆਨੀ ਨਿਰੰਕਾਰ ਅਤੇ ਮਾਇਆ ਨੂੰ, ਸੱਚ ਅਤੇ ਝੂਠ ਨੂੰ, ਸਾਫ-ਸਾਫ ਦੇਖ ਸਕਦਾ ਹੈ ।" ਉਕਤ ਵਿਚਾਰਾਂ ਦਾ ਪ੍ਰਗਟਾਵਾ ਅੱਜ ਨਿਰੰਕਾਰੀ ਸਤਿਸੰਗ ਭਵਨ ਬੰਗਾ ਵਿਖੇ ਸਤਿਸੰਗ ਕਰਦੇ ਹੋਏ ਨਵਾਂਸ਼ਹਿਰ ਪ੍ਰਮੁੱਖ ਪਰਮ ਗਿਆਨੀ ਮਹਾਂਪੁਰਸ਼ ਸੁਰਿੰਦਰ ਪਾਲ ਜੀ ਨੇ ਕੀਤਾ। ਉਹਨਾਂ ਕਿਹਾ ਕਿ ਇਹ 'ਗਿਆਨ' ਬਹੁਤ ਮਹਾਨ ਹੈ, ਲੇਕਿਨ ਇਸਦਾ ਲਾਭ ਤਾਂ ਹੀ ਹੁੰਦਾ ਹੈ ਜਦੋਂ ਅਸੀਂ ਇਸ ਜਾਣਕਾਰੀ ਨੂੰ ਆਪਣੇ ਜੀਵਨ ਵਿਚ ਅਪਨਾਈਏ, ਨਾਸ਼ਵਾਨ ਮਾਇਆ ਨੂੰ ਛੱਡ ਕੇ ਸੱਚੇ ਪ੍ਰਭੂ ਨਾਲ ਜੁੜੀਏ। ਗਿਆਨ ਦੇ ਬਾਵਜੂਦ ਜੇਕਰ ਕੋਈ ਮਾਇਆ ਵਿਚ ਹੀ ਫਸਿਆ ਰਹਿੰਦਾ ਹੈ ਅਤੇ ਝੂਠ ਦਾ ਸਹਾਰਾ ਲੈਂਦਾ ਹੈ, ਤਾਂ ਉਸਨੂੰ ਵੀ ਨੁਕਸਾਨ ਉਠਾਉਣਾ ਪਵੇਗਾ । ਇਸ ਵਿਚ ਗਿਆਨ ਦਾ ਕੋਈ ਕਸੂਰ ਨਹੀਂ। ਜੇਕਰ ਰੋਸ਼ਨੀ ਹੁੰਦੇ ਹੋਏ ਵੀ ਕੋਈ ਅੱਖਾਂ ਬੰਦ ਕਰ



ਲਵੇ ਤਾਂ ਉਸਨੂੰ ਠੋਕਰਾਂ ਤਾਂ ਲਗਣਗੀਆਂ ਹੀ । ਜੇਕਰ ਅਸੀਂ ਠੋਕਰਾਂ ਤੋਂ ਬੱਚਣਾ ਹੈ ਤਾਂ ਸਾਨੂੰ ਆਪਣੀਆਂ ਅੱਖਾਂ ਖੁਲੀਆਂ ਰਖਣੀਆਂ ਪੈਣਗੀਆਂ, ਗਿਆਨ ਦੀ ਰੋਸ਼ਨੀ ਵਿਚ ਸਭ ਕੁਝ ਦੇਖਦੇ ਹੋਏ ਆਪਣਾ ਰਸਤਾ ਬਨਾਉਣਾ ਪਏਗਾ। ਰਸਤੇ ਦੀਆਂ ਰੁਕਾਵਟਾਂ ਨੂੰ ਦੇਖ ਕੇ ਉਹਨਾਂ ਤੋਂ ਬਚ ਕੇ ਨਿਕਲਣਾ ਹੋਏਗਾ, ਤਾਂ ਹੀ ਅਸੀਂ ਅੱਗੇ ਵਧ ਸਕਾਂਗੇ ਅਤੇ ਇਸ ਗਿਆਨ ਦਾ, ਤੇ ਭਗਤੀ ਦਾ ਆਨੰਦ ਲੈ ਸਕਾਂਗੇ । ਇਸ ਮੌਕੇ ਆਈਆਂ ਪ੍ਰਮੁੱਖ ਸਖ਼ਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਬਾਬਾ ਜੀ ਦਾ ਲਿਟਰੇਚਰ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ ਸੁੱਖਵਿੰਦਰ ਸੁੱਖੀ ਹਲਕਾ ਵਿਧਾਇਕ ਬੰਗਾ, ਸੋਹਣ ਲਾਲ ਢੰਡਾ, ਪਰਮਜੀਤ ਸਿੰਘ ਮੁਖੀ ਬੰਗਾ, ਅਵਤਾਰ ਸਿੰਘ ਰਿਟਾ ਡੀਐਸਪੀ, ਡਾ ਮਨਮੋਹਨ ਸਿੰਘ, ਸੰਚਾਲਿਕਾ ਰਾਜ ਰਾਣੀ, ਸੰਚਾਲਕ ਸੁਰਿੰਦਰ ਕੁਮਾਰ ਕਰਨਾਣਾ, ਨਰਿੰਦਰ ਸਿੰਘ, ਡਾ ਸਰਬਜੀਤ ਸਿੰਘ, ਜਸਵੀਰ ਸਿੰਘ ਕਮਾਮ, ਇੰਚਾਰਜ ਰਮਨਦੀਪ ਕੌਰ, ਰਾਜਕੁਮਾਰੀ, ਰੇਸ਼ਮ ਕੌਰ, ਸੱਤਿਆ ਦੇਵੀ, ਮਹਿੰਦਰ ਕੌਰ, ਅਰੁਣਾ ਪੁੰਨ, ਮਲਿਕਾ ਟਕਿਆਰ, ਬ੍ਰਿਜ ਮੋਹਨ ਕੋਹਲੀ, ਮਨੋਹਰ ਕਮਾਮ ਅਤੇ ਜੈਪਾਲ ਸੁੰਡਾ ਆਦਿ ਵੀ ਹਾਜ਼ਰ ਸਨ।

# ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ





**ਬੰਗਾ( ਚਰਨਜੀਤ ਸੱਲ੍ਹਾ )** ਕੱਲ ਰਾਤ ਨੂੰ ਪਿੰਡ ਸੱਲ੍ਹ ਕਲਾਂ ਵਿਖੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਜਨਮ ਦਿਨ ਮਨਾਇਆ ਗਿਆ।ਜਿਸ ਵਿੱਚ ਭੰਤੇ ਵਿਨੇ ਥੈਰੋ ਜੀ ਨੇ ਪੰਚ ਸੀਲ ਬੋਲ ਕੇ ਸਮਾਗਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਪ੍ਰਵੀਨ ਬੰਗਾ ਇੰਚਾਰਜ ਜੋਨ ਲੁਧਿਆਣਾ ਬਸਪਾ ਨੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਵਾਰੇ ਵਿਸਥਾਰ ਸਾਹਿਤ ਚਾਨਣਾ ਪਾਇਆ। ਪੰਜਾਬ ਸੰਭਾਲੋ ਮੁਹਿੰਮ ਤਹਿਤ ਬਸਪਾ ਦੀਆਂ ਨੀਤੀਆਂ ਵਾਰੇ ਦੱਸਿਆ ਅੱਜ ਬਾਬਾ ਸਾਹਿਬ ਜੀ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਰਕੇ ਹੀ ਅਸੀਂ ਤੁਸੀ ਅਤੇ ਪੂਰਾ ਵਿਸ਼ਵ ਜਾਨਣ ਲੱਗਾਂ ਹੈ। ਆਜ਼ਾਦ ਰੰਗ ਮੰਚ ਕਲਾਂ ਕੇਂਦਰ ਫਗਵਾੜਾ ਦੀ ਟੀਮ ਨੇ ਬਹੁਤ ਸਾਰੀਆਂ ਕੋਰੀਓਗ੍ਰਾਫੀਆ ਪੇਸ਼ ਕੀਤੀਆਂ ਜਿਸ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਕੋਰੀਓਗ੍ਰਾਫੀ ਖਾਸ ਸੀ। ਇਸ ਮੌਕੇ ਤੇ ਜਸਪਾਲ ਲਧਾਣਾ, ਪ੍ਰਿੰਸੀਪਲ ਮਨਜੀਤ ਸਿੰਘ ਲੋਗੀਆਂ, ਲੈਕਚਰਾਰ ਸੁਭਾਸ਼ ਸੱਤਵੀਂ,ਮਹੇਸ਼ ਕੁਮਾਰ ਬੋਧੀ, ਹਰਦੀਪ ਸਿੰਘ ਦੀਪਾ,ਤਾਰਾ ਚੰਦ ਹੀਓ, ਬਲਵੀਰ ਹੀਓ, ਹਰਪ੍ਰੀਤ ਕੁਮਾਰ ਸਰਪੰਚ, ਜਗਦੀਸ਼ ਸਾਬਕਾ ਸਰਪੰਚ, ਕੁਲਦੀਪ ਸਿੰਘ ਵਾਲੀਆ, ਸਤਨਾਮ ਸਿੰਘ ਵਾਲੀਆ, ਪ੍ਰਿਥੀ ਸਿੰਘ, ਜੱਸੀ ਬੈਂਸ ਦਬੱਈ, ਚਰਨਜੀਤ ਸੱਲ੍ਹਾ ਨੰਬਰਦਾਰ, ਜਸਵਿੰਦਰ ਸਿੰਘ ਗਰਚਾ, ਪਰਮਜੀਤ ਸਿੰਘ, ਹਰਜਿੰਦਰ ਸਿੰਘ ਹੈਪੀ,



ਨਰਿੰਦਰ ਬੰਗਾ,ਗੋਰਵ, ਕਸ਼ਮੀਰ ਚੰਦ, ਮੈਡਮ ਅਵਤਾਰ ਕੌਰ , ਮੈਡਮ ਸਰਬਜੀਤ ਕੌਰ, ਬਲਵੀਰ ਕੌਰ, ਕੁਲਵਿੰਦਰ ਕੌਰ ਆਸ਼ਾ, ਅਵਿਨਾਸ਼ ਕੌਰ ਅਤੇ ਬਹੁਤ ਸਾਰੀਆਂ ਬੀਬੀਆਂ ਭੈਣਾਂ ਅੱਧੀ ਰਾਤ ਹਾਜ਼ਰ ਰਹੇ।ਸਟੇਜ ਸਕੱਤਰ ਦਾ ਕੰਮ ਪਰਮਜੀਤ ਦੋਸਾਂਝ ਨੇ ਬਾਖੂਬੀ ਨਿਭਾਇਆ ਉਨ੍ਹਾਂ ਨੇ ਸਟੇਜ ਸਕੱਤਰ ਦੇ ਨਾਲ ਨਾਲ ਮਿਸ਼ਨ ਵਾਰੀ ਬਹੁਤ ਜਾਣਕਾਰੀ ਦਿੱਤੀ।

# ਬੱਚਿਆਂ ਦੇ ਕੁਇਜ਼ ਮੁਕਾਬਲੇ ਕਰਵਾਏ ਗਏ




**ਭੀਖੀ ( ਕਮਲ ਜਿੰਦਲ )** ਸਿਲਵਰ ਵਾਟਿਕਾ ਪਬਲਿਕ ਸਕੂਲ ਸਮਾਓਂ ਵਿਖੇ ਇੱਕ ਕੁਇਜ਼ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਸਕੂਲ ਦੇ ਚਾਰੇ ਹਾਊਸਾਂ (ਯਮੁਨਾ, ਰਾਵੀ , ਸਤਲੁੱਜ, ਗੁਦਾਵਰੀ) ਦੇ ਬੱਚਿਆਂ ਨੇ ਭਾਗ ਲਿਆ । ਇਸ ਮੁਕਾਬਲੇ ਵਿੱਚ ਬੱਚਿਆਂ ਨੂੰ ਵੱਖ ਵੱਖ ਵਿਸ਼ਿਆਂ ਤੇ ਪ੍ਰਸ਼ਨ ਪੁੱਛੇ ਗਏ ।ਬੱਚਿਆਂ ਨੇ ਬੜੇ ਉਤਸਾਹ ਨਾ ਪ੍ਰਸ਼ਨ ਦੇ ਉੱਤਰ ਦਿੱਤੇ। ਇਸ ਮੁਕਾਬਲੇ ਦੇ ਅੰਤ ਵਿੱਚ ਯਮਨਾ ਹਾਊਸ ਜੇਤੂ ਰਿਹਾ। ਇਸ ਮੌਕੇ ਸਕੂਲ ਦੇ ਚੇਅਰਮੈਨ ਰਿਸ਼ਵ ਸਿੰਗਲਾ ਜੀ ਨੇ ਬੱਚਿਆਂ ਨੂੰ ਐਪ੍ਰੀਸ਼ੀਏਟ ਕਾਰਡ ਦਿੱਤੇ ਜਿਸ ਨਾਲ ਬੱਚਿਆਂ ਦਾ ਉਤਸ਼ਾਹ ਹੋਰ ਵੀ ਵਧ ਗਿਆ। ਸਕੂਲ ਦੇ ਪ੍ਰਿੰਸੀਪਲ ਮੈਡਮ ਕਿਨ ਰਤਨ ਜੀ ਨੇ ਕਿਹਾ ਕਿ ਇਹਨਾਂ ਮੁਕਾਬਲੇ ਨਾਲ ਬੱਚਿਆਂ ਦੇ ਮਨੋਬਲ ਵਿੱਚ ਵਾਧਾ ਹੁੰਦਾ ਹੈ ਅਤੇ ਬੱਚੇ ਆਪਣੀ ਪੜਾਈ ਵਿੱਚ ਹੋਰ ਵੀ ਅੱਗੇ ਵਧ ਸਕਦੇ ਹਨ। ਇਸ ਮੌਕੇ ਸਮੂਹ ਸਟਾਫ ਹਾਜ਼ਰ ਰਿਹਾ।

# ਫੋਰਟਿਜ ਮਾਲ ਰੋਡ, ਲੁਧਿਆਣਾ ਵਲੋਂ ਕਰਨ ਹਸਪਤਾਲ ਬੰਗਾ ਵਿਖੇ ਮੁਫ਼ਤ ਮੈਡੀਕਲ ਕੈਂਪ ਲਾਇਆ









**ਬੰਗਾ (ਚਰਨਜੀਤ ਸੱਲਾਂ)** ਲੁਧਿਆਣੇ ਦੇ ਮਾਲ ਰੋਡ ’ਤੇ ਸਥਾਪਿਤ ਫੋਰਟਿਜ ਹਸਪਤਾਲ ਵਲੋਂ ਬੰਗਾ ਦੇ ਕਰਨ ਹਸਪਤਾਲ ਵਿਖੇ ਵੱਖ ਵੱਖ ਬਿਮਾਰੀਆਂ ਦੀ ਜਾਂਚ ਦਾ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਇਲਾਕੇ ਦੇ ਵੱਖ ਵੱਖ ਪਿੰਡਾਂ ਤੋਂ ਲੋਕਾਂ ਨੇ ਭਾਰੀ ਗਿਣਤੀ ਵਿੱਚ ਪੁੱਜ ਕੇ ਲਾਭ ਹਾਸਲ ਕੀਤਾ।

ਇਸ ਕੈਂਪ ਵਿੱਚ ਕੰਨ, ਨੱਕ, ਗਲੇ, ਜਨਰਲ ਮੈਡੀਸਨ, ਛਾਤੀ, ਟੀ. ਬੀ. ਦੇ ਰੋਗਾਂ, ਪਲਾਸਟਿਕ ਅਤੇ ਕੌਸਮੈਟਿਕ ਸਰਜਰੀ ਦੀ ਜਾਚ ਕੀਤੀ ਗਈ। ਇਹਨਾਂ ਬਿਮਾਰੀਆਂ ਦੀ ਜਾਚ ਕਰਨ ਲਈ ਡਾ. ਕਰਨ ਬਖਸ਼ੀਸ਼ ਸਿੰਘ, ਡਾ. ਕੋਸ਼ੀਸ਼ ਦੱਤਾ, ਡਾ. ਸਾਹਿਲ ਅਬਰੋਲ ਦੀ ਅਗਵਾਈ ਵਾਲੀਆਂ ਮੈਡੀਕਲ ਟੀਮਾਂ ਨੇ ਸੇਵਾਂਵਾਂ ਨਿਭਾਈਆਂ। ਇਹਨਾਂ ਮੈਡੀਕਲ ਮਾਹਿਰਾਂ ਨੇ ਕਿਹਾ ਕਿ ਸਾਨੂੰ ਤੰਦਰੁਸਤੀ ਹਿੱਤ ਸਮੇਂ ਸਮੇਂ ਆਪਣੀ ਸਿਹਤ ਦੀ ਜਾਚ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਕਿਸੇ ਕਿਸਮ ਦੀ ਬਿਮਾਰੀ ਦੀ ਮੁੱਢਲੀ ਰੋਕ ਹੋ ਸਕੇ।

ਕਰਨ ਹਸਪਤਾਲ ਬੰਗਾ ਦੇ ਮੁੱਖ ਪ੍ਰਬੰਧਕ ਡਾ. ਬਖਸ਼ੀਸ਼ ਸਿੰਘ ਅਤੇ ਡਾ. ਬਲਵੀਰ ਕੌਰ ਨੇ ਉਕਤ ਹਸਪਤਾਲ ਦੀ ਮੈਡੀਕਲ ਟੀਮ ਦਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਅਜਿਹੇ ਕੈਂਪ ਜਿੱਥੇ ਲੋਕਾਂ ਲਈ ਮੁਫ਼ਤ ਸੇਵਾਵਾਂ ਪੱਖੋਂ ਲਾਹੇਵੰਦ ਸਾਬਤ ਹੁੰਦੇ ਹਨ ਉੱਥੇ ਸਿਹਤ ਜਾਗਰੂਕਤਾ ਦੀ ਵੱਡੀ ਪ੍ਰੇਰਨਾ ਵੀ ਦਿੰਦੇ ਹਨ। ਦੱਸਣਯੋਗ ਹੈ ਕਿ ਕੈਂਪ ਦੌਰਾਨ ਬਲੱਡ ਪ੍ਰੈਸ਼ਰ, ਸ਼ੂਗਰ, ਈ. ਸੀ. ਜੀ., ਪੀ. ਐੱਫ. ਟੀ. ਅਤੇ ਡਾਕਟਰ ਦੀ ਸਲਾਹ ਦੀ ਕੋਈ ਵੀ ਫ਼ੀਸ ਨਹੀਂ ਲਈ ਅਤੇ ਲੋੜੀਦੀਆਂ ਦਵਾਈਆਂ ਵੀ ਮੁਫ਼ਤ ਪ੍ਰਦਾਨ ਕੀਤੀਆਂ ਗਈ ਆਂ। ਇਸ ਮੌਕੇ ਫੋਰਟਿਜ ਦੇ ਮੈਡੀਕਲ ਸਟਾਫ਼ ਵਿੱਚ ਸਿਮਰਨਜੀਤ ਕੌਰ, ਸੰਦੀਪ ਕੌਰ, ਯੋਗੇਸ਼ ਜੀ. ਡੀ. ਏ., ਰੋਹਿਤ ਮਾਰਕਿਟਿੰਗ ਵਿਭਾਗ, ਸਰਬਜੀਤ ਸਿੰਘ ਅਤੇ ਚੰਦਰ ਮੋਹਣ ਵੀ ਸ਼ਾਮਲ ਸਨ। ਇਸ ਮੌਕੇ ਸਮੂਹ ਹਾਜ਼ਰੀਨ ਲਈ ਠੰਡੇ ਜਲ ਅਤੇ ਚਾਹ ਦਾ ਵੀ ਵਿਸ਼ੇਸ਼ ਤੌਰ ’ਤੇ ਪ੍ਰਬੰਧ ਕੀਤਾ ਗਿਆ।

ਡੱਬੀ...

**ਲਾਭਪਾਤਰੀਆਂ ਨੇ ਪ੍ਰਸੰਨਤਾ ਪ੍ਰਗਟਾਈ...**

ਮੈਡੀਕਲ ਕੈਂਪ ਦੌਰਾਨ ਵੱਖ ਵੱਖ ਉਮਰ ਦੇ ਲਾਭਪਾਤਰੀਆਂ ਨੇ ਡਾਕਟਰ ਸਾਹਿਬਾਨ ਦੇ ਅਪਣੱਤ ਭਰਪੂਰ ਵਿਵਹਾਰ, ਕੈਂਪ ਦੌਰਾਨ ਤਸੱਲੀਬਖ਼ਸ਼ ਸਿਹਤ ਜਾਂਚ ਅਤੇ ਦਵਾਈਆਂ ਮੁਫ਼ਤ ਪ੍ਰਦਾਨ ਕਰਨ ਅਤੇ ਚਾਹ ਪਾਣੀ ਦਾ ਢੁੱਕਵਾਂ ਪ੍ਰਬੰਧ ਕਰਨ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਬਹਿਰਾਮ ਵਾਸੀ ਪ੍ਰੀਤਮ ਸਿੰਘ (65), ਬੰਗਾ ਵਾਸੀ ਸੁਖਵਿੰਦਰ ਕੌਰ (43), ਕਟਾਰੀਆਂ ਵਾਸੀ ਦੋਬੋ (72), ਹੀਉਂ ਵਾਸੀ ਮੁਖਤਿਆਰ ਸਿੰਘ (27) ਅਤੇ ਮੁਕੰਦਪੁਰ ਵਾਸੀ ਕਸ਼ਮੀਰ (55) ਆਦਿ ਨੇ ਦੱਸਿਆ ਕਿ ਉਹਨਾਂ ਨੂੰ ਇਸ ਕੈਂਪ ਦੌਰਾਨ ਰਾਹਤ ਭਰਪੂਰ ਮਾਹੌਲ ਮਿਲਿਆ ਹੈ।

# ਵਿਧਾਇਕ ਜਿੰਪਾ ਨੇ 1.28 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਸਕੂਲਾਂ ’ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਤਿੰਨ ਸਰਕਾਰੀ ਸਕੂਲਾਂ ਵਿੱਚ 1.28 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵਿਖੇ ਲਗਭਗ ਇੱਕ ਕਰੋੜ ਰੁਪਏ, ਸਰਕਾਰੀ ਐਲੀਮੈਂਟਰੀ ਸਕੂਲ ਅੱਜੋਵਾਲ ਵਿਖੇ 12 ਲੱਖ ਰੁਪਏ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਹਾਦੁਰ-ਪੁਰ ਵਿਖੇ 16 ਲੱਖ ਰੁਪਏ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਜੋ ਕੰਮ ਪਿਛਲੇ ਸਮੇਂ ਵਿੱਚ ਕੀਤਾ ਹੈ, ਉਹ ਪਿਛਲੀਆਂ ਸਰਕਾਰਾਂ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਲਗਭਗ 6000 ਸਕੂਲਾਂ ਵਿੱਚ ਚਾਰ-ਦੀਵਾਰੀਆਂ ਬਣਾਈਆਂ ਗਈਆਂ ਹਨ ਜੋ ਕਿ ਕਈ ਹਜ਼ਾਰ ਕਿਲੋਮੀਟਰ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਕੂਲਾਂ ਵਿੱਚ ਆਧੁਨਿਕ ਲੈਬਾਂ ਬਣਾਈਆਂ ਗਈਆਂ ਹਨ। ਬੱਚਿਆਂ ਨੂੰ ਪ੍ਰੋਜੈਕਟਰ ਰਾਹੀਂ ਸਿੱਖਿਆ ਦਿੱਤੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਚਾਹੁੰਦੇ ਹਨ ਕਿ ਸੂਬੇ ਦੇ ਬੱਚਿਆਂ ਨੂੰ ਸਿੱਖਿਆ ਨਾਲ ਸਬੰਧਤ ਹਰ ਸਹੂਲਤ ਪ੍ਰਦਾਨ ਕੀਤੀ ਜਾਵੇ। ਵਿਧਾਇਕ ਜਿੰਪਾ ਨੇ



ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਦੇ 40 ਸਕੂਲਾਂ ਨੂੰ ਹੁਨਰ ਸਿੱਖਿਆ ਨਾਲ ਜੋੜਿਆ ਹੈ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵੀ ਇਨ੍ਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਆਪਣੀ ਸਰਕਾਰ ਦੌਰਾਨ ਇਹ ਕੰਮ ਕਿਉਂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਦਾ ਸਰਕਾਰੀ ਸਕੂਲਾਂ ਪ੍ਰਤੀ ਵਿਸ਼ਵਾਸ ਵੀ ਵਧ ਰਿਹਾ ਹੈ ਅਤੇ ਇਹੀ ਕਾਰਨ ਹੈ ਕਿ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਬੱਚਿਆਂ ਦੇ ਬੈਠਣ ਲਈ ਬੈਂਚ ਆਦਿ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸਕੂਲਾਂ ਵਿੱਚ ਸਾਫ਼-ਸੁਥਰੇ ਬਾਥਰੂਮ ਬਣਾਏ ਗਏ ਹਨ ਅਤੇ ਲਾਇਬ੍ਰੇਰੀਆਂ ਬਣਾਈਆਂ ਗਈਆਂ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ 11 ਵਿਦਿਆਰਥੀਆਂ ਨੇ ਜੇ.ਈ.ਈ ਦੀ ਪ੍ਰੀਖਿਆ ਪਾਸ ਕੀਤੀ ਹੈ। ਇਹ ਬੱਚੇ ਸਿਰਫ਼ ਸਰਕਾਰੀ ਸਕੂਲਾਂ ਵਿੱਚ ਹੀ ਤਿਆਰ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸੂਬੇ ਵਿੱਚ ਕੋਈ ਵੀ ਸਕੂਲ ਅਜਿਹਾ ਨਹੀਂ ਹੈ ਜਿੱਥੇ ਵਿਕਾਸ ਕਾਰਜ ਨਾ ਹੋਏ ਹੋਣ। ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਵਿੱਚ ਮਾਪਿਆਂ ਅਤੇ ਲੋਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦਰਸਾਉਂਦੀ ਹੈ ਕਿ ਲੋਕ ਸਰਕਾਰ ਦੀ ਸਿੱਖਿਆ ਨੀਤੀ ਤੋਂ ਪੂਰੀ ਤਰ੍ਹਾਂ ਖੁਸ਼ ਹਨ। ਉਨ੍ਹਾਂ ਨੇ ਇਨ੍ਹਾਂ ਪ੍ਰੋਗਰਾਮਾਂ ਦੌਰਾਨ ਬੱਚਿਆਂ ਨਾਲ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਤੋਂ ਪੜ੍ਹਾਈ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਜੋ ਵੀ ਚਾਹੀਦਾ ਹੋਵੇਗਾ, ਉਹ ਉਸਨੂੰ ਪਹਿਲ ਦੇ ਆਧਾਰ ’ਤੇ ਪ੍ਰਦਾਨ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ ਉਨ੍ਹਾਂ ਸਕੂਲ ਵਿੱਚ ਲਗਾਈ ਗਈ ਵਿਗਿਆਨ ਪ੍ਰਦਰਸ਼ਨੀ, ਬਿਜ਼ਨਸ ਬਲਾਸਟਰ ਨਾਲ ਸਬੰਧਤ ਸਟਾਲ ਅਤੇ ਕਿਤਾਬ ਲੰਗਰ ਦਾ ਵੀ ਨਿਰੀਖਣ ਕੀਤਾ।

# ਬੁੱਲੋਵਾਲ ਦੇ ਯੁਵਕ ਸੇਵਾਵਾਂ ਕਲੱਬ ਦੇ ਨੋਜਵਾਨਾਂ ਨੇ ਖੂਨਦਾਨ ਕੈਂਪ ਲਗਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਯੁਵਕ ਸੇਵਾਵਾਂ ਅਤੇ ਖੇਡ ਵਿਭਾਗ ਪੰਜਾਬ ਵੱਲੋ ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਦੂਰ ਰੱਖਣ ਅਤੇ ਸਮਾਜ ਵਿੱਚ ਨੌਜਵਾਨਾਂ ਦੀ ਯੋਗ ਅਗਵਾਈ ਲਈ ਯੁਵਕ ਸੇਵਾਵਾਂ ਕਲੱਬਾਂ ਦੁਆਰਾ ਵੱਖ-ਵੱਖ ਗਤੀਵਿਧੀਆ ਕੀਤੀਆ ਜਾਂਦੀਆਂ ਹਨ। ਇਸੇ ਲੜੀ ਤਹਿਤ ਯੁਵਕ ਸੇਵਾਵਾਂ ਕਲੱਬ ਪਿੰਡ ਬੁੱਲੋਵਾਲ ਜਿਲ੍ਹਾ ਹੁਸ਼ਿਆਰਪੁਰ ਵੱਲੋਂ ਬਲੱਡ ਬੈਂਕ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਸਿਵਲ ਹਸਪਤਾਲ ਵੱਲੋ ਡਾ ਵਿਸ਼ਾਲੀ ਵਰਮਾ, ਸੀਨੀਅਰ ਲੈਬ ਟੈਕਨੀਸ਼ੀਅਨ ਹਰਜੀਤ ਸਿੰਘ, ਲੈਬ ਟੈਕਨੀਸ਼ੀਅਨ ਸੰਦੀਪ ਸਿੰਘ ਮੈਡਮ ਕਲਮਪ੍ਰੀਤ ਜੀ ਦੀ ਟੀਮ ਨੇ ਇਸ ਕੈਂਪ ਵਿੱਚ 41 ਯੂਨਿਟ ਖ਼ੂਨ ਇਕੱਤਰ ਕੀਤਾ॥ ਕਲੱਬ ਦੇ ਪ੍ਰਧਾਨ



ਅਸੀਮ ਪੁਰੀ ਨੇ ਦੱਸਿਆ ਕਿ ਪਿੰਡ ਦੇ ਖ਼ੂਨਦਾਨੀ ਸ. ਬਹਾਦਰ ਸਿੰਘ ਸਿੱਧੂ ਸਟੇਟ ਅਵਾਰਡੀ ਅਤੇ ਨੌਜਵਾਨ ਖ਼ੂਨਦਾਨੀ ਜਸਪ੍ਰੀਤ ਸਿੰਘ ਨੇ ਨੌਜਵਾਨਾਂ ਨੂੰ ਇਸ ਕੈਂਪ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ। ਇਸ ਕੈਂਪ ਨੂੰ ਕਾਮਯਾਬ ਕਰਨ ਲਈ ਸ੍ਰੀ ਬਾਨੀ ਸ਼ਾਹ, ਗਗਨ ਸ਼ਾਰਧਾ, ਅਜੇ ਦੱਤ, ਬਬਲਾ, ਪ੍ਰਦੀਪ ਅਰੋੜਾ, ਸ਼ਿਵ ਅਰੋੜਾ, ਗੋਰਵ ਸ਼ਰਮਾ, ਕਵਿਸ਼ ਸ਼ਰਮਾ, ਅਨਿਕੇਤ ਆਦਿ ਨੇ ਵੀ ਆਪਣਾ ਸਹਿਯੋਗ ਦਿੱਤਾ।

for more news visit:
www.samajweekly.com

# 'ਕੱਲਾ ਬਹਿ ਕੇ ਸੋਚੀਂ ਰੁਲਦੂ ਸਿੰਆਂ

ਕਦੇ ਤੂੰ ਦਾਤਾ ਹੁੰਦਾ ਸੀ ,
ਭਿਖਾਰੀ ਬਣਕੇ ਰਹਿ ਗਿਆ ਏਂ ।
ਤੂੰ ਖ਼ੁਦ ਨੂੰ ਰੱਬ ਸਮਝਦਾ ਸੀ ,
ਪੁਜਾਰੀ ਬਣਕੇ ਰਹਿ ਗਿਆ ਏਂ ।
ਕਦਰ ਨਾ ਜਿਉਂਦੇ ਜੀ ਹੋਣੀ ,
ਮਰਨ ਤੋਂ ਮਗਰੋਂ ਪੂਜਣਗੇ ;
ਤੂੰ ਸਾਰੇ ਈ ਕੰਮ ਕਾਰ ਛੱਡ ਕੇ ,
ਲਿਖਾਰੀ ਬਣਕੇ ਰਹਿ ਗਿਆ ਏਂ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

# ਧਰਤੀ ਮਾਏ

ਕੰਕਰੀਟ ਦੇ ਮਹਿਲ ਬਣਾਕੇ ਆਖਣ ਏਹ ਤਰੱਕੀ ਐ
ਕਿੱਥੇ ਬੈਠਣ ਵੱਢਤੇ ਜੰਗਲ ਰੁੱਖ ਨਾ ਲੱਭਣ ਕਾਵਾਂ ਨੂੰ

ਨਕਲਾਂ ਉਣੀਆਂ ਅਕਲਾਂ ਨੇ ਨਾ ਛੱਡਿਆ ਹਵਾ ਪਾਣੀ ਨੂੰ
ਕਚਰੇ ਦੇ ਨਾਲ਼ ਭਰ ਦਿੱਤਾ ਹੈ ਨੀਲੇ ਜਿਹੇ ਦਰਿਆਵਾਂ ਨੂੰ

ਬੰਦਾ ਅਪਣੇ ਲਾਲਚ ਖਾਤਰ ਕੁਦਰਤ ਨੂੰ ਉਜਾੜ ਰਿਹਾ
ਜੀਵ ਜੰਤ ਹੀ ਭੁਗਤ ਰਹੇ ਨੇ ਮੁਫ਼ਤ ਦੇ ਵਿਚ ਸਜਾਵਾਂ ਨੂੰ

ਸਿਰ ਦੇ ਉੱਤੇ ਬੋਝ ਸਮਝਦੇ ਪੜ੍ਹ ਲਿਖ ਲੋਕੀ ਮਾਪਿਆਂ ਨੂੰ
ਬਿਰਧ ਆਸ਼ਰਮ ਦੇ ਵਿਚ ਪੁੱਤਰ ਛੱਡ ਆਉਂਦੇ ਕੁਝ ਮਾਵਾਂ ਨੂੰ

ਬੇ ਮੌਸਮੀ ਅੱਜਕਲ੍ਹ ਤਾਹੀਓਂ ਅੰਨ੍ਹੀਂ ਝੱਖੜ ਝੁੱਲ੍ਹ ਰਹੇ
ਸੁੱਚਾ ਜੇ ਨਾ ਛੱਡਿਆ ਏਥੇ ਪਾਕ ਪਵਿੱਤਰ ਥਾਵਾਂ ਨੂੰ

ਧੰਨਿਆਂ ਅੰਦਰੋਂ ਟੁੱਟ ਜਾਂਦਾ ਹਾਂ ਹੋ ਜਾਵਾਂ ਖਾਮੋਸ਼ ਓਦੋਂ
ਢੇਰ ਉੱਤੋਂ ਮੈਂ ਖਾਂਦੀਆਂ ਤੱਕਾਂ ਜਦ ਲਿਫ਼ਾਫ਼ੇ ਗਾਵਾਂ ਨੂੰ



**ਧੰਨਾ ਧਾਲੀਵਾਲ**
9878235714

# ਰੇਤਲੀਆਂ ਪੈੜਾਂ ਹੇਠ ਦੱਬਿਆ ਆਲਮ

ਇਹ ਸਮਾਂ ਹੈ
ਬੜਾ ਜਾਲਮ
ਮੁਲਾਹਜ਼ੇਦਾਰੀਆ
ਰਿਸ਼ਤੇਦਾਰੀਆਂ
ਵਫ਼ਾਦਾਰੀਆਂ
ਤੱਕ ਸਿਮਟ ਕੇ
ਰਹਿ ਗਿਐ ਆਲਮ
ਹੁਣ ਧਰਤੀ ਦਾ ਧਰਾਤਲ
ਸਿਮਟ ਜਾਂਦੈ
ਰੇਤਲੀਆਂ ਪੈੜਾਂ ਦੇ
ਦਾਇਰਿਆਂ ਦੇ ਅੰਦਰ
ਹੁਣ ਤਾਂ
ਅਕਸਰ ਹੀ
ਲਹਿਰਾਂ 'ਚੋਂ
ਉੜਦੀ ਧੂੜ
ਖੋਭ ਜਾਦੀ ਐ
ਨਜ਼ਰਾਂ 'ਚ ਖੰਜਰ
ਅੱਜ ਕੱਲ੍ਹ ਤਾਂ
ਸਿਰ ਗਲ੍ਹਾਂ ਦੇ
ਗੁਲਾਮ ਹੋ ਗਏ
ਜਿਨ੍ਹਾਂ ਨੂੰ 'ਹਾਰਾਂ'
ਦਾ ਸ਼ਿੰਗਾਰ
ਲਗਦੈ
ਜਿੱਤਿਆ ਸੰਸਾਰ
ਟਾਪੂਆਂ ਦੇ ਆਰ ਪਾਰ
ਟੱਪਦੇ ਵਾ ਵਰੋਲੇ
ਆ ਘਰ ਦੇ ਕੋਲ਼ੇ
ਲਾਉਂਦੇ ਨੇ
ਜ਼ਿੰਦਰੇ ਨੂੰ ਚਾਬੀ
ਬਣ ਇਨਕਲਾਬੀ
ਬੌਣਾ ਹੋ ਪਥਰਾਅ ਗਏ
ਪਰਿਵਾਰ ਦੇ ਜੀਅ
ਕਰਨ ਵੀ ਕੀ
ਤਾੜੀਆਂ
ਆੜੀਆਂ
ਹੀ ਤਾਂ ਬਸ
ਰਹਿ ਜਾਂਦੀਆਂ ਨੇ ਪੱਲੇ
ਖੁਰ ਰਹੇ
ਝੁਰ ਰਹੇ
ਪਲਾਂ ਅੰਦਰ
ਦਿਓਕੱਦ ਬੁੱਤ
ਬਣ ਵੱਡੇ ਪੁੱਤ
ਕਰਨ ਲੱਗਦੇ ਨੇ ਰਾਖੀ
ਕੰਡਿਆਲੀ ਤਾਰ ਬਣ
ਦਿਲਦਾਰ ਬਣ
ਚੂੰਡ ਜਾਂਦੇ ਨੇ
ਉਗ ਰਹੀ
ਫਸਲ ਦੀਆਂ
ਤਾਜ਼ੀਆਂ ਪੱਤੀਆਂ
ਤਾਂ ਕਿ
ਕੋਈ
ਉਨ੍ਹਾਂ ਦੇ ਹਾਣ ਦਾ
ਨਾ ਹੋ ਸਕੇ
ਕਿਉਂਕਿ
ਧਰਤੀ ਦਾ ਧਰਾਤਲ
ਸਿਮਟ ਜਾਂਦੈ
ਉਨ੍ਹਾਂ ਦੀਆਂ
ਰੇਤਲੀਆਂ ਪੈੜਾਂ ਦੇ
ਦਾਇਰਿਆਂ ਅੰਦਰ
ਇਹ ਸਮਾਂ
ਭਰਿਆ ਨਾਲ਼ ਤਮਾ
ਸੱਚੀਂ
ਬੜਾ ਜਾਲਮ ਹੈ
ਇਸ ਕਰਕੇ
ਮੁਲਾਹਜੇਦਾਰੀਆਂ
ਰਿਸ਼ਤੇਦਾਰੀਆਂ
ਵਫ਼ਾਦਾਰੀਆਂ
ਤੱਕ ਸਿਮਟ ਕੇ
ਰਹਿ ਗਿਐ
ਆਲਮ
ਜਿਉਂ ਸਾਲਮ ਦਾ ਸਾਲਮ।




**ਡਾ. ਮੇਹਰ ਮਾਣਕ**

# 6 ਮਈ ਸ਼ਿਵ ਕੁਮਾਰ ਬਟਾਲਵੀ ਦੀ ਬਰਸੀ 'ਤੇ ਵਿਸ਼ੇਸ਼

## ਸ਼ਿਵ ਨੂੰ ਯਾਦ ਕਰਦਿਆਂ

ਸ਼ਿਵ ਨੂੰ ਯਾਦ ਕਰਦਿਆਂ ,
ਦਿਲ ਵਿੱਚ ਹੌਕੇ ਭਰਦਿਆਂ।
ਜਦ ਵੀ ਸ਼ਿਵ ਦੀ ਯਾਦ ਆਉਂਦੀ ,
ਦਿਲ ਚੰਦਰੇ ਨੂੰ ਚੀਰਾ ਲਾਉਂਦੀ।
ਯਾਦ ਸ਼ਿਵ ਦੀ ਜਦੋਂ ਪਾਵੇ ਮੋੜੇ,
ਵਾਰ-ਵਾਰ ਦਿਲ ਨੂੰ ਚੰਦਰੀ ਝੰਜੋੜੇ।
ਨਾ ਮਰਹਮ ਮਿਲੇ ਨਾ ਕੋਈ ਪੱਟੀ ,
ਜਾਵਾਂ ਦੱਸੋ ਮੈਂ ਕਿਹੜੀ ਹੱਟੀ।
ਜਦੋਂ ਚੜ੍ਹ ਪਲਾਂ ਵਿੱਚ ਤਾਰਾ ਛੁਪਿਆ,
ਓਦੋਂ ਬੱਦਲਾਂ ਓਹਲੇ ਸਾਹਿਤ ਦਾ ਸੂਰਜ ਲੁਕਿਆ।
ਚੇਤੇ ਆਵੇ ਸ਼ਿਵ ਦੀ ਕਵਿਤਾ ਬਿਰਹੋਂ ਦੀ ਰੜਕ,
ਸਿਸਕੀਆਂ ਲੈਣ ਇੱਛਾਵਾ ਜਦੋਂ ਅੰਦਰੋਂ ਉੱਠੇ ਭੜਕ ।
ਆਦਰਾਂ ਦੇ ਖ਼ੂਨ ਨੂੰ ਰਿੜਕਦੀ ਦਿਲ ਦੀ ਹੂਕ,
ਮਣ-ਮਣ ਹੰਝੂ ਪੀਸੇ ਚੱਕੀ, ਨਾ ਕਰੇ ਕੋਈ ਚੂਕ।
ਕੋਈ ਜੋਬਨ ਰੁੱਤੇ ਤੁਰਿਆ ,
ਦੁੱਖਾਂ ਦੇ ਨਾਲ ਮਨ ਭਰਿਆ।
ਛੋਟੀ ਉਮਰੇ ਮਰਿਆ ਕੋਈ ਕਰਮਾ ਮਾਰਾ,
ਗਗਨ ਅੱਜ ਵੀ ਸ਼ਿਵ ਨੂੰ ਚੇਤੇ ਕਰਦਾ ਜੱਗ ਸਾਰਾ ।



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**
**ਆਰੀਆ ਭੱਟ ਕਾਲਜ ਬਰਨਾਲਾ**



# ਸਿੱਖਿਆ ਤੋਂ ਬਿਨਾਂ ਆਦਮੀ ਨੂੰ ਜਾਨਵਰ ਵਾਂਗ ਸਤਿਕਾਰਿਆ ਜਾਂਦਾ ਹੈ - ਸੰਜੀਵ ਅਰੋੜਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਦੀ ਅਗਵਾਈ ਹੇਠ ਅਤੁਲ ਸ਼ਰਮਾ ਅਤੇ ਸ਼ਾਲਿਨੀ ਨਾਭ ਦੀ ਧੀ ਸਾਨਵੀ ਸ਼ਰਮਾ, ਜਿਸਨੇ 10ਵੀਂ ਜਮਾਤ ਦੀ ਪ੍ਰੀਖਿਆ ਵਿੱਚ 98.6% ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਲੜਕੀਆਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਜੋ ਕਿ ਸੇਂਟ ਜੋਸਫ਼ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਵਿਦਿਆਰਥਣ ਹੈ, ਨੂੰ ਇਸ ਮਹਾਨ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਕਿਹਾ ਕਿ "ਸਿੱਖਿਆ ਤੋਂ ਬਿਨਾਂ ਮਨੁੱਖ ਜਾਨਵਰ ਵਰਗਾ ਹੈ"। ਸਿੱਖਿਆ ਮਨੁੱਖ ਦਾ ਤੀਜਾ ਨੇਤਰ ਹੈ ਅਤੇ ਇਹ ਉਸਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਗਿਆਨ ਦੀ ਰੌਸ਼ਨੀ ਵੱਲ ਲੈ ਜਾਂਦੀ ਹੈ। ਇਸ ਨੂੰ ਸੰਭਵ ਬਣਾ ਕੇ, ਸਾਨਵੀ ਸ਼ਰਮਾ ਨੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਸਾਨਵੀ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਅਰੋੜਾ ਨੇ ਕਿਹਾ ਕਿ ਉਹ ਸਖ਼ਤ ਮਿਹਨਤ ਕਰਦੀ ਰਹੇਗੀ ਅਤੇ ਸਫਲਤਾ ਪ੍ਰਾਪਤ ਕਰੇਗੀ, ਜੋ ਕਿ ਹੁਸ਼ਿਆਰਪੁਰ ਦੇ ਨਾਲ-ਨਾਲ ਪੂਰੇ ਦੇਸ਼ ਲਈ ਪ੍ਰੇਰਨਾ ਸਰੋਤ ਬਣੇਗੀ। ਉਨ੍ਹਾਂ ਕਿਹਾ ਕਿ ਹੋਰ ਬੱਚਿਆਂ ਨੂੰ ਵੀ



ਸਾਨਵੀ ਸ਼ਰਮਾ ਦੀ ਨਕਲ ਕਰਨੀ ਚਾਹੀਦੀ ਹੈ ਅਤੇ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਜੋ ਸ਼ਹਿਰ ਦਾ ਨਾਮ ਦੇਸ਼ ਵਿੱਚ ਚਮਕਦਾ ਰਹੇ। ਅਰੋੜਾ ਨੇ ਕਿਹਾ ਕਿ ਇਹ ਪੂਰਾ ਪਰਿਵਾਰ ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਕੰਮ ਕਰ ਰਿਹਾ ਹੈ। ਇਸ ਤੋਂ ਪਹਿਲਾਂ, ਸਾਨਵੀ ਦੇ ਦਾਦਾ ਜੀ, ਸਵਰਗੀ ਸ਼੍ਰੀਧਰ ਸ਼ਰਮਾ (ਠੇਕੇਦਾਰ) ਭਾਰਤ ਵਿਕਾਸ ਪ੍ਰੀਸ਼ਦ ਦੇ ਇੱਕ ਸਰਗਰਮ ਮੈਂਬਰ ਸਨ ਅਤੇ ਹਰ ਲੋੜਵੰਦ ਵਿਅਕਤੀ ਦੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ ਅਤੇ ਉਨ੍ਹਾਂ ਤੋਂ ਬਾਅਦ, ਉਨ੍ਹਾਂ ਦਾ ਪੁੱਤਰ ਪ੍ਰੀਸ਼ਦ ਪਰਿਵਾਰ ਵਿੱਚ ਸ਼ਾਮਲ ਹੋ ਕੇ ਮਨੁੱਖਤਾ ਦੀ ਸੇਵਾ ਕਰ ਰਿਹਾ ਹੈ। ਇਸ ਮੌਕੇ 'ਤੇ, ਕੌਂਸਲ ਦਾ ਧੰਨਵਾਦ ਕਰਦੇ ਹੋਏ, ਸਾਨਵੀ ਸ਼ਰਮਾ ਨੇ ਕਿਹਾ ਕਿ ਉਹ ਆਪਣੇ ਟੀਚਿਆਂ ਨੂੰ ਪੂਰਾ ਕਰਨ ਲਈ ਸਖ਼ਤ ਪੜ੍ਹਾਈ ਜਾਰੀ ਰੱਖੇਗੀ ਅਤੇ ਸਫਲਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੇਗੀ ਅਤੇ ਸਾਨਵੀ ਨੇ ਕਿਹਾ ਕਿ ਉਹ ਸਮਾਜਿਕ ਖੇਤਰ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਭਾਰਤ ਵਿਕਾਸ ਪ੍ਰੀਸ਼ਦ ਦਾ ਹਮੇਸ਼ਾ ਸਮਰਥਨ ਕਰੇਗੀ। ਇਸ ਮੌਕੇ ਵਿਜੇ ਅਰੋੜਾ, ਟਿੰਕੂ ਨਰੂਲਾ, ਰਵੀ ਮਨੋਚਾ, ਮਦਨ ਲਾਲ ਮਹਾਜਨ, ਅਜੇ ਚਾਵਲਾ, ਸੰਨੀ ਨਾਰੰਗ ਅਤੇ ਪਰਿਵਾਰ ਵੱਲੋਂ ਆਸ਼ਾ ਸ਼ਰਮਾ (ਦਾਦੀ), ਸੋਹਮ ਸ਼ਰਮਾ, ਅਲੀਕਾ ਸ਼ਰਮਾ, ਸੰਦੀਪ ਪਲਿੰਜਾ ਆਦਿ ਹਾਜ਼ਰ ਸਨ।

# ਭਗਤ ਸਿੰਘ ਤੋਂ ਪ੍ਰੇਰਿਤ ਪੰਜਾਬ ਦੇ ਨੌਜਵਾਨ ਹੁਣ ਬਣਨਗੇ ਬਦਲਾਅ ਦੀ ਮਸ਼ਾਲ - ਮੁੱਖ ਮੰਤਰੀ ਭਗਵੰਤ ਮਾਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਗੜ੍ਹਸ਼ੰਕਰ ਵਿਖੇ ਆਮ ਆਦਮੀ ਪਾਰਟੀ ਵੱਲੋਂ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਦੀ ਅਗਵਾਈ ਕਰਦਿਆਂ ਨੌਜਵਾਨਾਂ ਨੂੰ ਰਾਸ਼ਟਰ ਹਿੱਤ ਵਿੱਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਆਪਣੇ ਪ੍ਰੇਰਣਾਦਾਇਕ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਦੇਸ਼ ਦੀ ਬਣਤਰ ਵਿੱਚ ਮੋਹਰੀ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ ਆਏ ਆਮ ਆਦਮੀ ਪਾਰਟੀ ਦੇ ਨੌਜਵਾਨ ਸਿਪਾਹੀਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਹੀ ਦੇਸ਼ ਦੀ ਅਸਲ ਤਾਕਤ ਹੈ। ਮੁੱਖ ਮੰਤਰੀ ਨੇ ਗੁਰਬਾਣੀ ਅਤੇ ਸੂਫੀ ਸਾਹਿਤ ਦਾ ਹਵਾਲਾ ਦਿੰਦਿਆਂ ਮੁਹੰਮਦ ਮੀਆਂ ਬਖ਼ਸ਼ ਦੀ ਇਕ ਰਚਨਾ ਵੀ ਨੌਜਵਾਨਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਰੱਬ ਹਰ ਕਿਸੇ ਉੱਤੇ ਜ਼ਿੰਮੇਵਾਰੀ ਦਾ ਘੜਾ ਨਹੀਂ ਧਰਦਾ, ਜਿਨ੍ਹਾਂ ਕੋਲ ਬੋਝ ਝੱਲਣ ਦੀ ਤਾਕਤ ਹੁੰਦੀ ਹੈ, ਉਨ੍ਹਾਂ ਨੂੰ ਹੀ ਜ਼ਿੰਮੇਵਾਰੀ ਮਿਲਦੀ ਹੈ। ਮੁੱਖ ਮੰਤਰੀ ਨੇ ਆਪਣੇ ਪੁਰਾਣੇ ਦਿਨ ਯਾਦ ਕਰਦਿਆਂ ਕਿਹਾ, "ਪਹਿਲਾਂ ਜਦੋਂ ਮੈਂ ਕਲਾਕਾਰ ਸੀ, ਪਿੰਡਾਂ 'ਚ ਜਾ ਕੇ ਪੈਸੇ ਲੈਂਦਾ ਸੀ, ਪਰ ਅੱਜ ਜਦੋਂ ਮੁੱਖ ਮੰਤਰੀ ਬਣ ਕੇ ਉਨ੍ਹਾਂ ਪਿੰਡਾਂ 'ਚ ਜਾਂਦਾ ਹਾਂ ਤਾਂ ਉਹ ਪੈਸੇ ਵਿਆਜ ਸਮੇਤ ਗਰਾਂਟ ਦੇ ਤੌਰ 'ਤੇ



ਵਾਪਸ ਕਰਨੇ ਪੈਂਦੇ ਹਨ।" ਮੁੱਖ ਮੰਤਰੀ ਨੇ ਪੰਜਾਬ ਵਿੱਚ ਪਾਣੀ ਦੇ ਸੰਕਟ ਅਤੇ ਐਸ.ਵਾਈ.ਐਲ.(ਸਤਲੁਜ-ਯਮੁਨਾ ਲਿੰਕ) ਵਿਵਾਦ 'ਤੇ ਵੀ ਗੰਭੀਰਤਾ ਨਾਲ ਵਿਚਾਰ ਰੱਖਿਆ। ਉਨ੍ਹਾਂ ਕਿਹਾ ਕਿ ਪੰਜਾਬ ਕਦੇ ਵੀ ਲੜਾਈ ਨਹੀਂ ਚਾਹੁੰਦਾ ਸੀ, ਪਰ ਵਾਰ-ਵਾਰ ਉਸ ਉੱਤੇ ਲੜਾਈ ਥੋਪੀ ਗਈ। ਹੁਣ ਸਰਹੱਦਾਂ ਤੋਂ ਬਾਅਦ ਪੰਜਾਬ ਨੂੰ ਪਾਣੀ ਦੀ ਲੜਾਈ 'ਚ ਧੱਕਿਆ ਜਾ ਰਿਹਾ ਹੈ। ਹਰਿਆਣਾ ਨਾਲ ਬੇਵਜ੍ਹਾ ਟਕਰਾਅ ਬਣਾਇਆ ਗਿਆ, ਪਰ ਹੁਣ ਪੰਜਾਬ ਵੀ ਡਟ ਗਿਆ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਉਹ ਖੁਦ ਨੰਗਲ ਡੈਮ ਗਏ ਅਤੇ ਫ਼ਾਲਤੂ ਪਾਣੀ ਦੀ ਸਪਲਾਈ ਰੁਕਵਾਈ। ਹੁਣ ਪੰਜਾਬੀ ਕਿਸੇ ਵੀ ਜ਼ਬਰਦਸਤੀ ਨੂੰ ਸਹਿਣ ਵਾਲੇ ਨਹੀਂ ਹਨ। ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਇਕ ਵਾਰ ਫਿਰ ਸਲਾਹ ਦਿੱਤੀ ਕਿ ਜੇ ਪਾਕਿਸਤਾਨ ਵੱਲੋਂ ਰੋਕਿਆ ਗਿਆ ਪਾਣੀ ਪੰਜਾਬ ਦੇ ਡੈਮਾਂ ਵਿੱਚ ਆ ਜਾਂਦਾ ਹੈ ਤਾਂ ਪੰਜਾਬ ਭਾਖੜਾ ਰਾਹੀਂ ਹਰਿਆਣਾ ਨੂੰ ਪਾਣੀ ਦੇ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਛੇ ਵਾਰ ਹਰਿਆਣਾ ਨੂੰ ਪੱਤਰ ਲਿਖ ਕੇ ਚੇਤਾਵਨੀ ਦਿੱਤੀ ਕਿ ਉਹ ਪਾਣੀ ਦੀ ਵਧੇਰੇ ਵਰਤੋਂ ਕਰ ਰਹੇ ਹਨ ਪਰ ਹਰਿਆਣਾ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੀ.ਬੀ.ਐਮ.ਬੀ (ਭਾਖੜਾ-ਬਿਆਸ ਪ੍ਰਬੰਧਕੀ ਬੋਰਡ) ਨੇ ਪੰਜਾਬ ਵਿਰੁੱਧ ਫੈਸਲਾ ਸੁਣਾਇਆ ਤਾਂ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾ ਕੇ ਕੇਂਦਰ ਅਤੇ ਹਰਿਆਣਾ ਨੂੰ ਸਾਫ ਸੁਨੇਹਾ ਦਿੱਤਾ ਗਿਆ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਇਸ ਮਸਲੇ 'ਤੇ ਸੋਮਵਾਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕਈ ਜ਼ਿਲੇ "ਡਾਰਕ ਜ਼ੋਨ" 'ਚ ਚਲੇ ਗਏ ਹਨ ਅਤੇ ਕੁਝ ਥਾਵਾਂ ਤੇ ਪਾਣੀ ਦਾ ਪੱਧਰ 600 ਫੁੱਟ ਤੋਂ ਵੀ ਥੱਲੇ ਚਲਾ ਗਿਆ ਹੈ।ਇਸ ਗੰਭੀਰ ਸੰਕਟ ਨੂੰ ਦੇਖਦਿਆਂ ਸਰਕਾਰ ਨੇ ਨਹਿਰਾਂ ਰਾਹੀਂ ਹਰ ਖੇਤ ਤੱਕ ਪਾਣੀ ਪਹੁੰਚਾਉਣ ਦਾ ਸੰਕਲਪ ਕੀਤਾ ਹੈ। ਗੜ੍ਹਸ਼ੰਕਰ ਵਿੱਚ ਕਰਵਾਏ ਗਏ ਯੂਥ ਕਲੱਬ ਲੀਡਰਸ਼ਿਪ ਪ੍ਰੋਗਰਾਮ ਨੂੰ ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸਮੇਤ ਕਈ ਹੋਰ ਸੀਨੀਅਰ ਨੇਤਾਵਾਂ ਨੇ ਵੀ ਸੰਬੋਧਨ ਕੀਤਾ।

# ਕਿਰਤੀ ਕਿਸਾਨ ਯੂਨੀਅਨ ਨੇ ਪਾਣੀ ਦੇ ਮਸਲੇ ਤੇ ਸਰਕਾਰ ਨੂੰ ਸਖਤ ਸਟੈਂਡ ਲੈਣ ਲਈ ਡਿਪਟੀ ਸਪੀਕਰ ਨੂੰ ਮੰਗ ਪੱਤਰ ਦਿੱਤਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਹਰਿਆਣਾ ਨੂੰ ਫੋਰੀ ਵਾਧੂ ਪਾਣੀ ਦਿੱਤੇ ਜਾਣ ਵਿਰੁੱਧ ਕਿਰਤੀ ਕਿਸਾਨ ਯੂਨੀਅਨ ਵਲੋਂ ਸੂਬਾ ਪੱਧਰੀ ਸੱਦੇ ਤਹਿਤ ਅੱਜ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਭਲਕੇ ਹੋ ਰਹੇ ਵਿਧਾਨ ਸਭਾ ਦੇ ਇਜਲਾਸ ਵਿੱਚ ਇਸ ਵਿਰੁੱਧ ਮਤਾ ਪੇਸ਼ ਕਰਨ ਦੀ ਮੰਗ ਕੀਤੀ ਗਈ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਮੇਸ਼ ਸਿੰਘ ਢੇਸੀ ਬਲਾਕ ਪ੍ਰਧਾਨ ਸਰਪੰਚ ਰਾਮ ਜੀਤ ਸਿੰਘ ਦੇਣੋਵਾਲ ਕਲਾਂ ਅਤੇ ਵਿੱਤ ਸਕੱਤਰ ਸੰਦੀਪ ਸਿੰਘ ਮਿੰਟੂ ਸਿਕੰਦਰਪੁਰ ਨੇ ਕਿਹਾ ਕਿ ਬੀ ਬੀ ਐਮ ਬੀ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਪੰਜਾਬ



ਨਾਲ ਧੱਕਾ ਕਰ ਰਹੀ ਹੈ। ਜਦੋਂ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਦੂਸਰੀ ਤਰਫ ਸਾਉਣੀ ਦੀ ਫਸਲ ਲਈ ਪੰਜਾਬ ਨੂੰ ਪਾਣੀ ਦੀ ਸਖਤ ਜਰੂਰਤ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ ਬਹੁਤ ਜਗ੍ਹਾ ਤੇ ਪਾਣੀ ਡਾਰਕ ਜੋਨ ਵਿੱਚ ਜਾ ਚੁਕਾ ਹੈ। ਜਿਸ ਕਰਕੇ ਇਸ ਮਸਲੇ ਤੇ ਪੰਜਾਬ ਸਰਕਾਰ ਨੂੰ ਸਖਤ ਸਟੇਡ ਲੈਣ ਦੀ ਲੋੜ ਹੈ। ਮੰਗ ਪੱਤਰ ਦੇਣ ਸਮੇਂ ਕਿਸਾਨ ਆਗੂ ਸਮਸ਼ੇਰ ਸਿੰਘ ਚੱਕ ਸਿੰਘਾ, ਪਰਮਜੀਤ ਸਿੰਘ ਰੁੜਕੀ ਖਾਸ, ਸੰਤੋਖ ਸਿੰਘ, ਮਹਿੰਦਰ ਸਿੰਘ, ਸੁੱਚਾ ਸਿੰਘ ਅਲੀ ਪੁਰ ਅਤੇ ਕੁਲਵੀਰ ਸਿੰਘ ਮਜਾਰਾ ਡੀਗਰੀਆਂ ਹਾਜਰ ਸਨ।

# ਮਲਿਆਲਮ ਰੂਹ ਤੇ ਸੁਰ ਪੰਜਾਬੀ : ਰੰਜਨਾ ਭੱਟੀ

## ਹਰੇਕ ਨਵੇਂ ਸਾਲ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰੋਗਰਾਮ ਉਨ੍ਹਾਂ ਦੇ ਗੀਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ

ਸੱਭਿਆਚਾਰ ਤੇ ਸੰਗੀਤ ਲਈ ਪੰਜਾਬ ਦੀ ਧਰਤੀ ਹਮੇਸ਼ਾ ਹੀ ਭਰਪੂਰ ਰਹੀ ਹੈ। ਜਿੱਥੇ ਇੱਕ ਪਾਸੇ ਲੋਕਾਂ ਨੇ ਰੀਤ-ਰਿਵਾਜਾਂ ਤੇ ਪਰੰਪਰਾਵਾਂ ਨੂੰ ਆਪਣੀ ਰੂਹ ਵਿੱਚ ਵਸਾਇਆ, ਉੱਥੇ ਹੀ ਦੂਜੇ ਪਾਸੇ ਕਲਾਕਾਰਾਂ ਨੇ ਆਪਣੇ ਹੌਸਲੇ, ਜਜ਼ਬੇ ਅਤੇ ਸੁਰਾਂ ਰਾਹੀਂ ਇਸ ਮਿੱਟੀ ਦੀ ਮਹਿਕ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ ਹੈ। ਰੇਡੀਓ ਸਟੇਸ਼ਨ ਅਤੇ ਦੂਰਦਰਸ਼ਨ ਵਰਗੇ ਮਾਧਿਅਮਾਂ ਨੇ ਆਪਣੇ ਸੁਨਿਹਰੀ ਯੁੱਗ 'ਚ ਅਨੇਕਾਂ ਹੀ ਅਜਿਹੇ ਕਵੀਆਂ ਅਤੇ ਗਾਇਕਾਂ ਨੂੰ ਲੋਕਾਂ ਤੱਕ ਪਹੁੰਚਾਇਆ ਜੋ ਕਦੇ ਕਿਸੇ ਗੁੰਮਨਾਮੀ ਦੇ ਕੋਨੇ ਵਿਚ ਸੀ। ਇਨ੍ਹਾਂ ਕਲਾਕਾਰਾਂ ਵਿਚੋਂ ਇੱਕ ਨਾਂ ਹੈ, ਰੰਜਨਾ ਭੱਟੀ।

ਰੰਜਨਾ ਭੱਟੀ ਉਹ ਸੁਰੀਲੀ ਅਵਾਜ਼ ਹੈ, ਜਿਸ ਨੇ ਨਾ ਸਿਰਫ਼ ਪੰਜਾਬੀ ਸੰਗੀਤ ਨੂੰ ਨਵੇਂ ਆਸਮਾਨ ਦਿੱਤੇ, ਸਗੋਂ ਸੱਭਿਆਚਾਰਕ ਏਕਤਾ ਦਾ ਇਕ ਉੱਤਮ ਨਮੂਨਾ ਵੀ ਕਾਇਮ ਕੀਤਾ। ਉਹ ਕੇਰਲ ਸੂਬੇ ਦੀ ਹੋਣ ਦੇ ਬਾਵਜੂਦ ਵੀ ਪੰਜਾਬੀ ਗੀਤਕਲਾ ਵਿੱਚ ਆਪਣੀ ਵਖਰੀ ਪਛਾਣ ਬਣਾਉਣ ਵਿੱਚ ਕਾਮਯਾਬ ਰਹੀ। ਮਲਿਆਲਮ ਮਾਂ ਬੋਲੀ ਹੋਣ ਦੇ ਬਾਵਜੂਦ, ਉਨ੍ਹਾਂ ਦਾ ਪੰਜਾਬੀ ਉਚਾਰਣ, ਲਹਿਜ਼ਾ ਅਤੇ ਜਜ਼ਬਾਤ ਐਵੇਂ ਪ੍ਰਕਟ ਹੁੰਦੇ ਸਨ ਜਿਵੇਂ ਉਹ ਪੰਜਾਬ ਦੀਆਂ ਗਲੀਆਂ ਵਿੱਚ ਹੀ ਖੇਡਦੀ ਰਹੀ ਹੋਵੇ।

ਰੰਜਨਾ ਭੱਟੀ ਜਿੰਨ੍ਹਾ ਦਾ ਜਨਮ ਇਕ ਫ਼ੌਜੀ ਪ੍ਰੀਵਾਰ 'ਚ ਪਿਤਾ ਜਗਨ ਨਾਥ ਅਤੇ ਮਾਤਾ ਚਿੰਨਮਾ ਦੇ ਘਰ 13 ਮਈ 1951 ਨੂੰ ਹੋਇਆ। ਲਤਾ ਮੰਗੇਸ਼ਕਰ ਤੇ ਸੁਰਿੰਦਰ ਕੌਰ ਦੀ ਪ੍ਰੇਰਣਾ ਸਦਕਾ ਅਤੇ ਚਰਨ ਦਾਸ ਸਫ਼ਰੀ ਤੋਂ ਸੰਗੀਤ ਦੀ ਸਿੱਖਿਆ ਹਾਸਲ ਕਰ ਇਨ੍ਹਾਂ ਨੇ ਆਪਣੇ ਸੰਗੀਤਕ ਯਾਤਰਾ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਤੋਂ ਕੀਤੀ, ਜਿੱਥੇ ਉਨ੍ਹਾਂ ਨੇ ਪਹਿਲੀ ਵਾਰੀ "ਮਾਇਆ" ਗੀਤ ਰਾਹੀਂ ਆਪਣੇ ਸੁਰੀਲੇ ਸਫ਼ਰ ਦੀ ਬੁਨਿਆਦ ਰੱਖੀ। ਪਰ ਅਸਲ ਪਛਾਣ ਉਨ੍ਹਾਂ ਨੂੰ 1975 ਵਿੱਚ ਉਦੋਂ ਮਿਲੀ, ਜਦੋਂ ਦੂਰਦਰਸ਼ਨ ਕੇਂਦਰ ਅੰਮ੍ਰਿਤਸਰ ਤੋਂ "ਵਗਦੀ ਸੀ ਰਾਵੀ, ਵਿਚ ਸੁਰਮਾ ਕੀਹਨੇ ਡੋਲਿਆ" ਵਰਗੇ ਲੋਕ ਪਸੰਦ ਗੀਤ ਰਾਹੀਂ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਬਣਾਈ।

ਇਸ ਤੋਂ ਬਾਅਦ ਰੰਜਨਾ ਨੇ ਕਦੇ ਪਿੱਛੇ ਮੁੜਕੇ ਨਹੀਂ ਦੇਖਿਆ। ਹਰੇਕ ਨਵੇਂ ਸਾਲ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰੋਗਰਾਮ ਉਨ੍ਹਾਂ ਦੇ ਗੀਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ। ਦੂਰਦਰਸ਼ਨ ਦੇ ਸੁਨਹਿਰੀ ਦਿਨਾਂ 'ਚ ਗਾਇਕਾ ਰੰਜਨਾ ਭੱਟੀ ਵਲੋਂ ਗਾਏ ਗੀਤ ਜਿਵੇਂ,"ਦਿਲ ਲੈ ਗਿਆ ਨੀ ਕੋਈ ਦਿਲ ਲੈ ਗਿਆ", "ਰਾਂਝਾ ਜੋਗੀ ਹੋਇਆ", "ਮੈਨੂੰ ਸੁਰਮੇ ਦੀ ਡੱਬੀ ਵਿਚ ਰੱਖ ਮੁੰਡਿਆ", ਉਡੂ ਉਡੂ ਕਰੇ ਮੇਰਾ ਜੀਅ ਨੀਂ ਸਹੇਲੀਓ" ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲਾਂ 'ਚ ਵੱਖਰਾ ਹੀ ਪਿਆਰ ਜਗਾਉਂਦੇ ਸਨ। ਪਰਦੇ ਦੇ ਪਿੱਛੇ



ਰਹਿ ਕੇ ਗਾਉਣ ਵਾਲੀ ਇਸ ਗਾਇਕਾ ਦੀ ਆਵਾਜ਼ ਨੇ ਇੰਨਾ ਜਾਦੂ ਕੀਤਾ ਕਿ ਪੰਜਾਬੀ ਫ਼ਿਲਮਾਂ ਦੀਆਂ ਚਰਚਿਤ ਅਦਾਕਾਰਾਵਾਂ ਉਸ ਦੇ ਗੀਤਾਂ 'ਤੇ ਅਪਣੀ ਅਦਾ ਨਿਖਾਰਨ ਨੂੰ ਇੱਜ਼ਤ ਸਮਝਦੀਆਂ ਸਨ। ਕਾਲਜਾਂ ਵਿਚ ਵਿਦਿਆਰਥਣਾਂ ਵੱਲੋਂ ਉਨ੍ਹਾਂ ਦੇ ਗੀਤਾਂ 'ਤੇ ਆਧਾਰਤ ਥੀਮ ਆਈਟਮ ਪੇਸ਼ ਕਰਨਾ ਇੱਕ ਪ੍ਰਚਲਿਤ ਰਿਵਾਜ ਹੀ ਬਣ ਗਿਆ ਸੀ।

ਉਨ੍ਹਾਂ ਦੀ ਗਾਇਕੀ ਸਿਰਫ਼ ਮਨੋਰੰਜਨ ਤੱਕ ਸੀਮਤ ਨਹੀਂ ਸੀ, ਸਗੋਂ ਉਸ ਵਿਚ ਪੰਜਾਬੀ ਸੱਭਿਆਚਾਰ, ਰਿਸ਼ਤੇ, ਭਾਵਨਾਵਾਂ ਅਤੇ ਸਮਾਜਿਕ ਸੰਦੇਸ਼ ਵੀ ਝਲਕਦੇ ਸਨ। ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਸ਼ਮਸ਼ੇਰ ਸੰਧੂ, ਬਾਬੂ ਸਿੰਘ ਮਾਨ,ਅਮਰੀਕ ਤਲਵੰਡੀ ਆਦਿ ਵਰਗੇ ਮਹਾਨ ਗੀਤਕਾਰਾਂ ਦੀਆਂ ਰਚਨਾਵਾਂ ਨੂੰ ਉਨ੍ਹਾਂ ਨੇ ਆਪਣੇ ਸੁਰਾਂ ਰਾਹੀਂ ਅਮਰ ਕਰ ਦਿੱਤਾ।

ਸਕੂਲੀ ਪੜ੍ਹਾਈ ਨਾ ਦੇ ਬਰਾਬਰ ਹੋਣ ਦੇ ਬਾਵਜੂਦ ਵੀ ਰੰਜਨਾ ਨੇ ਕੇਵਲ ਪੰਜਾਬੀ ਹੀ ਨਹੀਂ, ਸਗੋਂ ਹਿੰਦੀ, ਡੋਗਰੀ, ਮਲਿਆਲਮ ਅਤੇ ਬੰਗਾਲੀ ਭਾਸ਼ਾਵਾਂ ਵਿੱਚ ਵੀ ਗੀਤ, ਗ਼ਜ਼ਲਾਂ, ਭਜਨ ਆਦਿ ਦਾ ਗਾਇਨ ਕਰ ਭਾਸ਼ਾਈ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਰਜਿਸਟਰਡ ਗਰੁੱਪ ਰਾਹੀਂ ਆਪਣੇ ਫੌਜੀ ਭਰਾਵਾਂ ਲਈ ਭਾਵਨਾਤਮਕ ਗੀਤ ਗਾ ਕੇ ਰਾਸ਼ਟਰ ਸੇਵਾ ਨੂੰ ਸਨਮਾਨ ਵੀ ਦਿੱਤਾ।

ਉਨ੍ਹਾਂ ਦੀ ਸਫਲਤਾ ਦੇ ਪਿੱਛੇ ਪਰਿਵਾਰਕ ਸਹਿਯੋਗ ਦੀ ਇੱਕ ਵੱਡੀ ਤਾਕਤ ਸੀ। ਉਨ੍ਹਾਂ ਦੇ ਪਤੀ ਸਵ: ਮੇਵੀ ਭੱਟੀ ਨੇ ਹਮੇਸ਼ਾ ਹੀ ਉਨ੍ਹਾਂ ਦੇ ਸੰਗੀਤਕ ਯਤਨਾਂ ਵਿਚ ਸਾਥ ਦਿੱਤਾ ਅਤੇ ਅੱਗੇ ਵਧਣ ਦਾ ਹੌਸਲਾ ਦਿੱਤਾ।

ਅੱਜ 75 ਸਾਲ ਦੀ ਉਮਰ ਵਿੱਚ ਰੰਜਨਾ ਭੱਟੀ ਜਲੰਧਰ ਵਿਖੇ ਆਪਣੀ ਧੀ-ਜ਼ਵਾਈ ਨਾਲ ਰਹਿ ਰਹੇ ਹਨ ਹੈ। ਉਨ੍ਹਾਂ ਦਾ ਘਰ ਇਨਾਮਾਂ, ਸਨਮਾਨਾਂ, ਯਾਦਗਾਰ ਤਸਵੀਰਾਂ ਅਤੇ ਪੁਰਾਣੀਆਂ ਐਚ.ਐਮ.ਵੀ. ਰਿਕਾਰਡਿੰਗ ਕੈਸਟਾ ਨਾਲ ਸਜਿਆ ਹੋਇਆ ਹੈ। ਲੱਗਭਗ ਤੀਹ ਫ਼ਿਲਮਾਂ ਦੀ ਗਾਇਕਾ ਹੋਣ ਦੇ ਨਾਲ-ਨਾਲ ਰੰਜਨਾ ਭੱਟੀ ਦੀ ਸੁਰੀਲੀ ਆਵਾਜ਼ ਅੱਜ ਵੀ ਰੇਡੀਓ, ਦੂਰਦਰਸ਼ਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਗੂੰਜਦੀ ਹੈ। ਉਹ ਅਜੇ ਵੀ ਕਈ ਨਵੇਂ ਗਾਇਕਾਂ ਲਈ ਰੋਸ਼ਨੀ ਦੀ ਕਿਰਨ ਹਨ। ਉਨ੍ਹਾਂ ਦੀ ਜ਼ਿੰਦਗੀ ਇਹ ਸਾਬਤ ਕਰਦੀ ਹੈ ਕਿ ਲਗਨ ਨਾਲ ਭਰਿਆ ਮਨ ਕਿਸੇ ਵੀ ਰੁਕਾਵਟ, ਇੱਥੋਂ ਤੱਕ ਕਿ ਭਾਸ਼ਾ ਨੂੰ ਵੀ ਪਾਰ ਕਰ ਸਕਦਾ ਹੈ। ਉਹ ਸਿਰਫ਼ ਗਾਇਕਾ ਨਹੀਂ,ਉਹ ਇੱਕ ਸੱਭਿਆਚਾਰਕ ਰੂਪ ਰਾਹੀਂ ਕੇਰਲ ਤੋਂ ਪੰਜਾਬ ਅਤੇ ਉਥੋਂ ਆਸਟ੍ਰੇਲੀਆ, ਅਮਰੀਕਾ, ਕਨੈਡਾ ਤੱਕ ਸੰਗੀਤ ਦੀ ਮਹਿਕ ਫੈਲਾਉਣ ਵਾਲੀ ਰੂਹ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਵੈਦ ਦੀ ਕਲਮ ਤੋਂ: ਤੁਸੀਂ ਸਿਰਫ ਸੌ ਰੁਪਏ ਵਿਚ, ਕੈਂਸਰ ਦਾ ਡਰ ਦਿਲ ਵਿਚੋਂ ਸਦਾ ਲਈ ਕੱਢ ਸਕਦੇ ਹੋ

ਮੇਰਾ ਇਹ ਦਾਅਵਾ ਸੁਣ ਕੇ ਬਹੁਤ ਲੋਕਾਂ ਨੂੰ ਹੈਰਾਨੀ ਹੋਈ ਹੋਵੇਗੀ। ਪਰ ਇਹ ਸੱਚ ਹੈ। ਪੰਜਾਬ ਵਿੱਚ ਅੱਜਕਲ ਤਕਰੀਬਨ ਚੌਥਾ ਹਿੱਸਾ ਭਈਏ ਨੇ। ਉਹਨਾਂ ਨੂੰ ਹੋਰ ਛੱਤੀ ਬਿਮਾਰੀਆਂ ਹੋ ਸਕਦੀਆਂ। ਪਰ ਕਦੇ ਕਿਸੇ ਵਾਰਡ ਵਿਚ ਜਾ ਹਸਪਤਾਲ ਵਿਚ ਕੋਈ ਕੈਂਸਰ ਦਾ ਮਰੀਜ਼ ਭਈਆ ਦੇਖਿਆ ?

ਜੇਕਰ ਦੇਖਿਆ ਹੋਵੇਗਾ, ਤਾਂ ਉਹਨੂੰ ਜਰੂਰ ਇੱਥੇ ਰਹਿੰਦੇ ਨੂੰ ਵੀਹ ਤੀਹ ਸਾਲ ਹੋ ਗਏ ਹੋਣੇ। ਕਦੇ ਇਹਨਾ ਵਿਚ ਤੁਹਾਨੂੰ ਕੋਈ ਛੇਤੀ ਚਮੜੀ ਰੋਗ ਦਾ ਮਰੀਜ਼ ਨਹੀਂ ਮਿਲੇਗਾ। ਜਿਵੇਂ ਜੋਗੀਆਂ ਦੇ ਐਨਕ ਕਦੇ ਨਹੀਂ ਦਿਸਦੀ।

ਕੀ ਹੈ ਇਸਦਾ ਇਲਾਜ ??

ਸਿਰਫ ਇੱਕ ਦਰੱਖਤ ਦੇ ਕੁਛ ਪੱਤੇ ਤੇ ਟਾਹਣੀਆਂ। ਜਿਹਨਾ ਨੂੰ ਅਸੀਂ ਕੂੜਾ ਸਮਝ ਕੇ ਬਾਹਰ ਸੁੱਟ ਦਿੰਦੇ ਹਾਂ। ਇਹ ਬਿਹਾਰ ਝਾਰਖੰਡ ਬੰਗਾਲ ਵਿਚ ਆਮ ਹੁੰਦਾ ਹੈ। ਪਰ ਪੰਜਾਬ ਵਿੱਚ



ਪੰਸਾਰੀ ਤੋਂ ਖਰੀਦਣਾ ਪੈਂਦਾ ਹੈ। ਚਰਾਇਤਾ ਬਸ ਸੌ ਰੁਪਏ ਦਾ ਬਹੁਤ ਹੈ। ਇਹ ਸ਼ੂਗਰ ਨੂੰ ਕੰਟਰੋਲ ਕਰਨ ਤੋਂ ਲੈਕੇ ਤੁਹਾਡੇ ਖੂਨ ਚਮੜੀ ਤੇ ਸ਼ਰੀਰ ਦੀਆਂ ਅੰਦਰਲੀਆਂ ਬਰੀਕ ਕੋਸ਼ਕਾਵਾਂ ਨੂੰ ਕਲੀਨ ਕਰ ਦਿੰਦਾ ਹੈ। ਜਿਸ ਨਾਲ ਕੈਂਸਰ ਹੋਣ ਦੀ ਸੰਭਾਵਨਾ ਤਾਂ ਨਾ ਦੇ ਬਰਾਬਰ ਹੁੰਦੀ ਹੀ ਹੈ।ਬਲਕਿ ਜੇਕਰ ਪਹਿਲੀ ਸਟੇਜ ਤੇ ਕੈਂਸਰ ਦੀ ਸ਼ੁਰੂਆਤ ਹੋ ਚੁੱਕੀ ਹੈ ਤਾਂ ਉਸਨੂੰ ਵੀ ਨਸ਼ਟ ਕਰ ਦਿੰਦਾ ਹੈ।

ਮਰਜ਼ੀ ਤੁਹਾਡੀ ਆਖਿਰ ਸਰੀਰ ਹੈ ਤੁਹਾਡਾ।

ਮੇਰੀ ਸਲਾਹ ਹੈ ਕਿ ਛੋਟੇ ਬੱਚੇ ਤੋਂ ਵੱਡੇ ਆਦਮੀ ਤੱਕ ਸਾਲ ਵਿਚ ਇਹ ਇੱਕ ਮਹੀਨਾ ਜਾ ਪੰਦਰਾਂ ਦਿਨ ਜਰੂਰ ਪਿਲਾਇਆ ਜਾਵੇ। ਤਾਂ ਕਿ ਬਹੁਤ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਬਸ ਰਾਤ ਨੂੰ ਥੋੜ੍ਹਾ ਜਿਹਾ ਪਾਣੀ ਵਿਚ ਭਿਉਂ ਦੇਵੋ। ਸਵੇਰੇ ਖਾਲੀ ਪੇਟ ਛਾਣ ਕੇ ਪੀ ਲਵੋ। ਇਹ ਕਿੰਨਾ ਭਿਉਣਾ ਹੈ, ਇਹ ਤੁਹਾਨੂੰ ਪੰਸਾਰੀ ਵੀ ਦੱਸ ਦੇਵੇਗਾ।



**ਵੈਦ ਬਲਵਿੰਦਰ ਸਿੰਘ ਢਿੱਲੋ**

# ਤਰਕਸ਼ੀਲਾਂ ਚਲਾਕੀ ਨਾ ਚਲਣ ਦਿੱਤੀ

**ਸੰਗਰੂਰ।** ਕਈ ਸਾਲ ਪਹਿਲਾਂ ਸੰਗਰੂਰ ਇਲਾਕੇ ਵਿੱਚ ਇੱਕ ਵਿਅਕਤੀ ਬਲ਼ਦ ਲੈ ਕੇ ਘੁੰਮ ਰਿਹਾ ਸੀ । ਇਸ ਬਾਰੇ ਸ਼ਹਿਰ ਸਮੇਤ ਨਾਲ ਲਗਦੇ ਇਲਾਕੇ ਵਿੱਚ ਇਹ ਚਰਚਾ ਜ਼ੋਰਾਂ ਤੇ ਸੀ ਕਿ ਬਲਦ ਕਰਾਮਾਤੀ ਹੈ,ਇਹ ਲੋਕਾਂ ਦਾ ਭਵਿੱਖ ਦਸਦਾ ਹੈ, ਇਕੱਠ ਵਿੱਚੋਂ ਵਿਅਕਤੀ ਦੇ ਨਾਂ ਜਾਂ ਉਸ ਦੇ ਕਿੱਤੇ ਤੋਂ ਵਿਅਕਤੀ ਦੀ ਪਛਾਣ ਕਰ ਲੈਂਦਾਂ ਹੈ । ਔਲਾਦ ਹੋਣ ਜਾਂ ਨਾ ਹੋਣ ਬਾਰੇ ,ਬੀਮਾਰੀ ਦੇ ਠੀਕ ਹੋਣ ਬਾਰੇ । ਘਰ ਵਿੱਚ ਦੱਬੇ ਖਜ਼ਾਨੇ ਬਾਰੇ ਦੱਸਦਾ ਹੈ। ਇਸ ਬਲ਼ਦ ਦੇ ਕਰਾਮਾਤੀ ਹੋਣ ਬਾਰੇ ਤਰ੍ਹਾਂ -ਤਰ੍ਹਾਂ ਦੀਆਂ ਅਫਵਾਹਾਂ ਦਾ ਬਜ਼ਾਰ ਗਰਮ ਸੀ । ਬਲ਼ਦ ਦੇ ਕਰਾਮਾਤੀ ਹੋਣ ਦੀ ਖ਼ਬਰ ਇੱਕ ਅਖ਼ਬਾਰ ਵਿੱਚ ਛਪਣ ਤੋਂ ਬਾਅਦ ਲੋਕਾਂ ਨੇ ਤਰਕਸ਼ੀਲਾਂ ਤੋਂ ਇਸ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ । ਜਦ ਇਹ ਅਫਵਾਹ ਬਾਰੇ ਮੈਨੂੰ ਪਤਾ ਲੱਗਿਆ ਤਾਂ ਮੈਂ ,ਕ੍ਰਿਸ਼ਨ ਸਿੰਘ ਤੇ ਚਮਕੌਰ ਸਿੰਘ ਨੇ ਸੰਗਰੂਰ ਦੇ ਰੇਲਵੇ ਸਟੇਸ਼ਨ ਪਾਰ ਅਜੀਤ ਨਗਰ ਬਸਤੀ ,ਜਿੱਥੇ ਬਲ਼ਦ ਦਾ ਮਾਲਕ ਰਾਤ ਨੂੰ ਠਹਿਰਦਾ ਸੀ, ਜਾ ਕੇ ਪੂਰੀ ਜਾਣਕਾਰੀ ਹਾਸਲ ਕੀਤੀ ।

ਬਲ਼ਦ ਦੇ ਮਾਲਕ ਬਾਰੇ ਪਤਾ ਲੱਗਿਆ ਕਿ ਇਹ ਰਾਤ ਨੂੰ ਰੱਜ ਕੇ ਦਾਰੂ ਪੀਂਦਾ ਹੈ । ਇਸ ਬਾਰੇ ਹੋਰ ਵੀ ਬਹੁਤ ਸਾਰੀਆਂ ਗੱਲ਼ਾਂ ਇਕੱਠੀਆਂ ਕੀਤੀਆਂ ਤੇ ਇਹ ਵੀ ਪਤਾ ਕੀਤਾ ਕਿ ਇਹ ਬਲ਼ਦ ਮਾਲਕ ਬਲ਼ਦ ਨੂੰ ਕਿਹੜੇ ਸੰਕੇਤ ਰਾਹੀਂ ਖਾਸ ਵਿਅਕਤੀ ਕੋਲ ਭੇਜਦਾ ਹੈ ,ਕਿਉਂਕਿ ਇਹ ਤਾਂ ਸਾਨੂੰ ਪਤਾ ਸੀ ਕਿ ਬਲ਼ਦ ਮਾਲਕ ਬਲ਼ਦ ਨੂੰ ਡੰਡੇ , ਰੱਸੇ ਜਾਂ ਆਪਣੇ ਕਿਸੇ ਦੂਸਰੇ ਸਾਥੀ ਦੇ ਇਸ਼ਾਰੇ ਰਾਹੀਂ ਹੀ ਇਹ ਖਾਸ਼ ਵਿਅਕਤੀ ਕੋਲ ਭੇਜਦਾ ਹੈ । ਉਸ ਤੋਂ ਬਾਅਦ ਅਸੀਂ ਸਥਾਨਕ ਇਕਾਈ ਦੀ ਮੀਟਿੰਗ ਕੀਤੀ ਅਤੇ ਮੀਟਿੰਗ ਵਿੱਚ ਮੇਰੇ ਸਮੇਤ,ਕ੍ਰਿਸ਼ਨ ਸਿੰਘ, ਚਮਕੌਰ ਸਿੰਘ ਅਤੇ ਜਸਵੀਰ ਸਿੰਘ ਨੂੰ ਲੋਕਾਂ ਦੀ ਹਾਜਰੀ ਵਿੱਚ ਇਸ ਅਖੌਤੀ ਕਰਾਮਾਤੀ ਬਲ਼ਦ ਦਾ ਪਰਦਾਫਾਸ਼ ਕਰਨ ਲਈ ਜ਼ਿੰਮੇਵਾਰੀ ਸੌਂਪੀ ਗਈ । ਅਗਲੇ ਦਿਨ ਅਸੀਂ ਰੇਲਵੇ ਰੋਡ ਡਾ. ਰੇਖੀ ਦੇ ਹਸਪਤਾਲ ਦੇ ਨੇੜੇ ਪੁੱਛਾਂ ਦੇ ਰਹੇ ਬਲ਼ਦ ਦੇ ਮਾਲਕ ਕੋਲ ਗਏ ਅਤੇ ਪੁੱਛਿਆ ਕਿ ਇਹ ਬਲ਼ਦ ਕੀ ਕੁੱਝ ਦੱਸਦਾ ਹੈ। ਉਸਨੇ ਕਿਹਾ ਜੋ ਤੁਸੀਂ ਚਾਹੋਂਗੇਂ ਇਹ ਉਸ ਬਾਰੇ ਸਭ ਕੁੱਝ ਦੱਸਦਾ ਹੈ । ਮੈਂ ਬਲਦ ਦੇ ਮਾਲਕ ਨੂੰ ਭੀੜ ਵਿੱਚੇਂ ਕਿਸੇ ਪਟਵਾਰੀ ਦੀ ਸ਼ਨਾਖਤ ਕਰਨ ਬਾਰੇ ਕਿਹਾ ਤਾਂ ਉਸਨੇ ਆਪਣੇ ਬਲ਼ਦ ਨੂੰ ਭੀੜ ਵਿੱਚੋਂ ਪਟਵਾਰੀ ਦੀ ਸ਼ਨਾਖਤ ਕਰਨ ਦਾ ਹੁਕਮ ਦਿੱਤਾ । ਕਿਉਂਕਿ ਅਸੀਂ ਬਲ਼ਦ ਦੇ ਮਾਲਕ ਨੂੰ ਆਪਣੀ ਸ਼ਨਾਖਤ ਹੋਣ ਨਹੀਂ ਦਿੱਤੀ ਸੀ ਜਿਸ ਕਰਕੇ ਉਸਨੇ ਅੰਦਾਜ਼ੇ ਨਾਲ ਬਲ਼ਦ ਨੂੰ ਪਟਵਾਰੀ ਦੀ ਥਾਂ ਇੱਕ ਅਧਿਆਪਕ ਕੋਲ ਖੜਾ ਕਰ ਦਿੱਤਾ । ਅਸੀਂ ਉਸਨੂੰ ਇਹ ਸ਼ੱਕ ਨਹੀਂ ਹੋਣ ਦਿੱਤਾ ਕਿ ਉਸਨੇ ਗਲਤ ਸ਼ਨਾਖਤ ਕੀਤੀ ਹੈ । ਇਸ ਤੋਂ ਬਾਅਦ ਮੈਂ ਉਸਨੂੰ ਇਕੱਠ ਵਿੱਚ ਮੌਜੂਦ ਕ੍ਰਿਸ਼ਨ ਸਿੰਘ ਦੀ ਪਹਿਚਾਣ ਕਰਨ ਲਈ ਕਿਹਾ ਤਾਂ ਬਲਦ ਦੇ ਮਾਲਕ ਨੇ ਬਲਦ ਨੂੰ ਕ੍ਰਿਸ਼ਨ ਸਿੰਘ ਦੀ ਥਾਂ ਚਮਕੌਰ ਸਿੰਘ ਕੋਲ ਖੜ੍ਹਾ ਕਰ ਦਿੱਤਾ । ਇਸ ਦੇ ਨਾਲ ਲੋਕਾਂ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ,ਉਨ੍ਹਾ ਨੇ ਸੋਚਿਆ ਕਿ ਬਲਦ ਨੇ ਸਹੀ ਸ਼ਨਾਖਤ ਕੀਤੀ ਹੈ ।

ਬਲ਼ਦ ਦਾ ਮਾਲਕ ਬੋਲਿਆ ," ਅਬ ਤੋਂ ਮਾਨਤੇ ਹੋਂ ਨਾ ,ਹਮੇ ਵੀ ਕੁੱਛ ਦੋ ।"

ਮੈਂ ਕਿਹਾ," ਥੋੜਾ ਚਿਰ ਹੋਰ ਰੁਕੋ।" ਏਨੇ ਨੂੰ ਪੱਤਰਕਾਰ ਵੀ ਉਥੇ ਪਹੁੰਚ ਚੁੱਕੇ ਸੀ ਅਤੇ ਬਲ਼ਦ ਦਾ ਮਾਲਕ ਬਲ਼ਦ ਨੂੰ ਨਾਲ ਲੈ ਕੇ ਸ਼ਟੇਸਨ ਪਾਰ ਅਜੀਤ ਨਗਰ ਬਸਤੀ ਜਾ ਪਹੁੰਚਿਆ । ਪੱਤਰਕਾਰਾਂ ਤੇ ਸਾਡੀ ਤਰਕਸ਼ੀਲਾਂ ਦੀ ਟੀਮ ਪੱਲੇਦਾਰਾਂ ਦੇ ਦਫਤਰ ਦੇ ਸਾਹਮਣੇ ਬਲ਼ਦ ਰਾਹੀਂ ਭਵਿੱਖ ਜਾਣ ਰਹੀ ਲੋਕਾਂ ਦੀ ਭੀੜ ਵਿੱਚ ਜਾ ਸ਼ਾਮਿਲ ਹੋਈ । ਇੱਕ ਪੱਤਰਾਕਾਰ ਨੇ ਉਸਨੂੰ ਪੁਲਿਸ ਵਾਲੇ ਦੀ ਪਛਾਣ ਕਰਨ ਲਈ ਕਿਹਾਂ । ਬਲ਼ਦ ਦੇ ਮਾਲਕ ਨੇ ਬਲ਼ਦ ਨੂੰ ਪੁਲਿਸ ਮੈਨ ਦੀ ਪਛਾਣ ਕਰਨ ਦਾ ਹੁਕਮ ਦਿੱਤਾ । ਬਲ਼ਦ ਨੇ ਇੱਕ ਅਧਿਆਪਕ ਦੇ ਜਾ ਜੀਭ ਲਾਈ । ਉਸ ਤੋਂ ਬਾਅਦ ਮੈਂ ਇਕੱਠ ਵਿੱਚ ਸ਼ਾਮਿਲ ਇੱਕ ਪ੍ਰੈਸ ਫੋਟੋਗ੍ਰਾਫਰ ਦੀ ਸ਼ਨਾਖਤ ਕਰਨ ਲਈ ਕਿਹਾ ਤਾਂ ਬਲ਼ਦ ਨੇ ਪ੍ਰੈਸ ਫੋਟੋਗ੍ਰਾਫਰ ਦੀ ਥਾਂ ਇੱਕ ਡਾਕਟਰ ਨੂੰ ਜਾ ਛੁਹਿਆ ।

ਇਸ ਤੋਂ ਬਾਅਦ ਮੈਂ ਲੋਕਾਂ ਨੂੰ ਕਿਹਾ , " ਬਲ਼ਦ ਆਪਣੇ ਮਾਲਕ ਦੇ ਇਸ਼ਾਰੇ ਤੇ ਕੰਮ ਕਰਦਾ ਹੈ । ਇਹ ਸਭ ਕੰਮ ਰੱਸੇ ਤੋਂ ਲੈਂਦਾ ਹੈ । ਅਸਲ ਵਿੱਚ ਬੰਦੇ ਦੀ ਸ਼ਨਾਖਤ ਬਲ਼ਦ ਨਹੀਂ , ਬਲ਼ਦ ਦਾ ਮਾਲਕ ਕਰਦਾ ਹੈ । ਸਾਡੇ ਕਿਸੇ ਵੀ ਬਾਰੇ ,ਇਹ ਜਾਂ ਇਸ ਦੇ ਬੰਦੇ ਜਾਣਦੇ ਨਹੀਂ ਸਨ । ਇਸ ਲਈ ਇਹ ਚਲਾਕੀ ਨਾਲ ਸਾਡੀ ਕਿਸੇ ਦੀ ਵੀ ਸ਼ਨਾਖਤ ਬਲ਼ਦ ਦੁਆਰਾ ਨਾ ਕਰਵਾ ਸਕਿਆ । ਇਸਦੀ ਸੱਚਾਈ ਲੋਕਾਂ ਦੇ ਸਾਹਮਣੇ ਲਿਆਉਣ ਲਈ ਸਾਡੀ ਟੀਮ ਨੇ ਇਸ ਦਾ ਪਰਦਾਫਾਸ਼ ਕਰਨ ਦਾ ਮਨ ਬਣਾਇਆ ਸੀ । ਸੱਚ ਤੁਹਾਡੇ ਸਾਹਮਣੇ ਹੈ, ਸਾਡੇ ਦੁਆਰਾ ਪੁੱਛੀਆਂ ਚਾਰੇ ਸ਼ਨਾਖਤਾਂ ਗਲਤ ਦੱਸੀਆਂ ਗਈਆਂ । ਪਟਵਾਰੀ ਦੀ ਥਾਂ ਮਾਸਟਰ , ਕ੍ਰਿਸ਼ਨ ਦੀ ਥਾਂ ਚਮਕੌਰ ਪੁਲਿਸ ਵਾਲੇ ਦੀ ਥਾਂ ਅਧਿਆਪਕ , ਪ੍ਰੈਸ ਫੋਟੋਗ੍ਰਾਫਰ ਦੀ ਥਾਂ ਡਾਕਟਰ ਨੂੰ ਛੂਹਿਆ ਹੈ । ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਰਕੇ ਉਹ ਝੱਟ ਚਲਾਕ ਲੋਕਾਂ ਦੁਆਰਾ ਫੈਲਾਈਆਂ ਅਖੌਤੀ ਚਮਤਕਾਰੀ ਗੱਲਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ ।

ਜੇ ਲੋਕਾਂ ਨੂੰ ਕਿਹਾ ਜਾਵੇ ਕਿ ਨਿੰਮ ਵਿੱਚੋਂ ਕਰਾਮਾਤੀ ਦੁੱਧ ਨਿਕਲ ਰਿਹਾ ਹੈ ਤਾਂ ਉਹ ਉੱਧਰ ਭੱਜ ਲੈਂਦੇ ਨੇ । ਜੇ ਕਿਹਾ ਜਾਵੇ ਕਿ ਫਲਾਣਾਂ ਬਾਬਾ ਖੰਭ ਲਾ ਕੇ ਬਿਮਾਰੀਆਂ ਦੂਰ ਕਰਦਾ ਹੈ ਤਾਂ ਸਾਡੇ ਲਾਈਲੱਗ ਲੋਕ ਉਸ ਪਾਸੇ ਹੀ ਵਹੀਰਾਂ ਘੱਤ ਲੈਂਦੇ ਨੇ । ਜੇ ਕੋਈ ਅਖੌਤੀ ਸਿਆਣਾ ਕਹਿ ਦੇਵੇ ਕਿ ਆਪਣੇ ਬੱਚੇ ਦੀ ਬਲੀ ਦੇਣ ਨਾਲ ਦੱਬਿਆ ਖ਼ਜ਼ਾਨਾ ਮਿਲ ਜਾਵੇਗਾ ਤਾਂ ਹੈਰਾਨੀ ਦੀ ਗੱਲ ਹੈ ਕਿ ਸਾਡੇ ਕਈ ਲੋਕ ਅਪਣੇ ਜਾਂ ਆਪਣੇ ਗੁਆਂਢੀ/ ਰਿਸ਼ਤੇਦਾਰ ਬੱਚੇ ਦੀ ਬਲੀ ਦੇਣ ਲਈ ਵੀ ਤਿਆਰ ਹੋ ਜਾਂਦੇ ਨੇ । ਜੇ ਕਿਹਾ ਜਾਵੇ ਕਿ ਆਪਣੀ ਘਰ ਵਾਲੀ ਦੀ ਬਲੀ ਦੇਣ ਨਾਲ ਰਿਧੀਆਂ -ਸਿਧਿਆਂ ਪ੍ਰਾਪਤ ਹੋ ਜਾਂਦੀਆਂ ਨੇ, ਤਾਂ ਸਾਡੇ ਅੰਧ ਵਿਸ਼ਵਾਸੀ ਤੇ ਲਾਈਲੱਗ ਲੋਕ ਅਜਿਹਾ ਕਰਨ ਲਈ ਵੀ ਤਿਆਰ ਹੋ ਜਾਂਦੇ ਨੇ

ਲੋਕ ਆਪਣੇ ਦਿਮਾਗ , ਤਰਕ ਅਤੇ ਦਲੀਲ ਤੋਂ ਕੰਮ ਲੈਣ ਦੀ ਥਾਂ ਅੰਧ ਵਿਸ਼ਵਾਸ ਤੋਂ ਕੰਮ ਲੈਂਦੇ ਨੇ । ਇਹੀ ਕਾਰਨ ਹੈ ਕਿ ਸਾਡੇ ਗਰੀਬ ਲੋਕਾਂ ਦੀ ਲੁੱਟ ਹੋ ਰਹੀ ਹੈ । ਸਰਕਾਰਾਂ ਜਾਂ ਪ੍ਰਸ਼ਾਸਨ ਨੂੰ ਅਜਿਹਿਆਂ ਅਫਵਾਹਾਂ ਦੀ ਪੜਤਾਲ ਕਰਕੇ ਸੱਚਾਈ ਲੋਕਾਂ ਦੇ ਸਾਹਮਣੇ ਲਿਆਉਣੀ ਚਾਹੀਦੀ ਹੈ । ਸਾਇੰਸ ਨਾਲ ਸਬੰਧਿਤ ਸੰਸਥਾਵਾਂ ,ਕਾਲਜਾਂ ,ਯੂਨੀਵਰਸਿਟੀਆਂ ਦਾ ਇਹ ਫਰਜ਼ ਹੈ ਕਿ ਉਹ ਅਜਿਹੀਆਂ ਗੱਲਾਂ ਦੀ ਪੜਤਾਲ ਕਰਕੇ ਸੱਚ ਲੋਕਾਂ ਸਾਹਮਣੇ ਲਿਅਉਣ ਤਾਂ ਕਿ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣ ਸਕੇ ਤੇ ਲੋਕ ਅਪਣੀ ਦਸਾਂ ਨਹੁਆਂ ਦੀ ਕਿਰਤ ਵਿਹਲੜ ਲੋਕਾਂ ਨੂੰ ਲੁਟਾਉਣ ਦੀ ਥਾਂ ਆਪਣੇ ਪਰਿਵਾਰ ਤੇ ਖਰਚ ਕਰਨ ।

ਬਲ਼ਦ ਦੇ ਮਾਲਕ ਨੇ ਲੋਕਾਂ ਦੀ ਹਾਜ਼ਰੀ ਵਿੱਚ ਮੰਨਿਆ ਕਿ ਉਸ ਜਾਂ ਉਸਦੇ ਬਲ਼ਦ ਕੋਲ਼ ਕੋਈ ਚਮਤਕਾਰੀ ਸ਼ਕਤੀ ਨਹੀਂ ਹੈ । ਸਭ ਕੁੱਝ ਚਲਾਕੀ ਤਹਿਤ ਹੋ ਰਿਹਾ ਹੈ ।



**ਮਾਸਟਰ ਪਰਮਵੇਦ**
ਜੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ
ਅ-86 ਅਫ਼ਸਰ ਕਲੋਨੀ
ਸੰਗਰੂਰ
9417422349

# ਕਬੀਰ ਜੀ ਕਹਿੰਦੇ ਹਨ

ਪੋਥੀ ਪੜ ਪੜ ਜਗ ਮੂਆ
ਪੰਡਿਤ ਭਇਆ ਨ ਕੋਇ
ਢਾਈ ਆਖਰ ਪ੍ਰੇਮ ਕਾ
ਪੜੇ ਸੁ ਪੰਡਿਤ ਹੋਏ।

ਅੱਜ ਦੇ ਹਾਲਾਤ ਤੇ ਕਿੰਨਾ ਸੱਚ ਜਾਪਦਾ ਹੈ। ਲੋਕਾਂ ਨੇ ਮਜ਼ਹਬ ਪੜ ਲਏ। ਮਜਹਬਾਂ ਦੇ ਗ੍ਰੰਥ ਪੜ ਲਏ। ਸਮਝਿਆ ਕੁਝ ਨਹੀਂ। ਕੋਈ ਵੀ ਮਤਲਬ ਇੱਕ ਦੂਜੇ ਨਾਲ ਵੈਰ ਕਰਨਾ ਨਹੀਂ ਸਿਖਾਉਂਦਾ। ਹਰ ਮਜ਼ਹਬ ਇਨਸਾਨੀਅਤ ਦੀ ਸਿੱਖਿਆ ਦਿੰਦਾ ਹੈ। ਫਿਰ ਕਿਉਂ ਇਹ ਵਾਰ-ਵਾਰ ਹੁੰਦਾ ਹੈ। ਕਦੇ ਹਿੰਦੂ ਮਾਰ ਦਿੱਤਾ ਜਾਂਦਾ ਹੈ ਕਦੇ ਸਿੱਖ ਮਾਰ ਦਿੱਤਾ ਜਾਂਦਾ ਹੈ ਕਦੇ ਮੁਸਲਮਾਨ ਤੇ ਕਦੇ ਇਸਾਈ। ਅਸਲ ਵਿੱਚ ਤਾਂ ਮਨੁੱਖ ਮਰਦਾ ਹੈ। ਮਨੁੱਖਤਾ ਕੁਰਲਾਉਂਦੀ ਹੈ। ਮਨੁੱਖ ਤਾਂ ਸ਼ਰਮਸਾਰ ਹੁੰਦੀ ਹੈ। ਜਦ ਤੋਂ ਸੁਰ ਸੰਭਾਲੀ ਹੈ ਅਨੇਕਾਂ ਹੀ ਅਜਿਹੀਆਂ ਘਟਨਾਵਾਂ ਪੜੀਆਂ ਦੇਖੀਆਂ ਹਨ।

ਦਹਿਸ਼ਤਗਰਦ ਦੇ ਵਿੱਚ ਇੱਕ ਬੰਦਾ ਨਹੀਂ ਮਰਦਾ। ਅਨੇਕਾਂ ਦੀ ਮੌਤ ਹੁੰਦੀ ਹੈ। ਉਮੀਦ ਦੀ ਮੌਤ ਹੁੰਦੀ ਹੈ। ਵਿਸ਼ਵਾਸ ਦੀ ਮੌਤ ਹੁੰਦੀ ਹੈ। ਅਖਬਾਰਾਂ ਦੋ ਚਾਰ ਦਿਨ ਜ਼ਿਕਰ ਕਰਦੀਆਂ ਹਨ। ਮੇਰੇ ਵਰਗੇ ਲੋਕ ਲਿਖਦੇ ਹਨ। ਕੋਈ ਕਵਿਤਾ ਲਿਖ ਦਿੰਦਾ ਹੈ। ਪਰ ਕੁਝ ਸਮੇਂ ਬਾਅਦ ਅਜਿਹਾ ਹੀ ਕਿਤੇ ਹੋਰ ਹੋਇਆ ਸੁਣਨ ਨੂੰ ਮਿਲਦਾ ਹੈ।

ਕਦੇ ਫਿਲਸਤੀਨ ਵਿੱਚ ਮਨੁੱਖ ਦਾ ਕੁਰਲਾਉਂਦੀ ਹੈ। ਕਦੇ ਪਹਿਲ ਕਾਮ ਵਿੱਚ ਇਨਸਾਨ ਵਿੱਚ ਸ਼ਰਮਸਾਰ ਹੁੰਦੀ ਹੈ। ਕਿਤੇ ਯਾਦਾਂ ਦੀ ਘੁੰਮਣ ਘੇਰੀ ਵਿੱਚ ਪੰਜਾਬ ਨੂੰ ਆਪਣੇ ਡਰਾਉਣੇ ਦਿਨ ਯਾਦ ਆਉਂਦੇ ਹਨ।

ਜਖਮ ਭਰ ਜਰੂਰ ਜਾਂਦੇ ਹਨ ਤਾਂ ਨਿਸ਼ਾਨ ਕਦੀ ਨਹੀਂ ਜਾਂਦੇ। ਜਦੋਂ ਵੀ ਕਿਤੇ ਅਜਿਹੀ ਕੋਈ ਦੁਰਘਟਨਾ ਵਾਪਰਦੀ ਹੈ ਉਹਨਾਂ ਜ਼ਖਮਾਂ ਵਿੱਚ ਫਿਰ ਦਰਦ ਹੁੰਦਾ ਹੈ। ਅੱਜ ਮਨੁੱਖ ਇਸ ਗੱਲ ਦਾ ਮਾਣ ਕਰਦਾ ਹੈ ਕਿ ਉਸ ਨੇ ਬਹੁਤ ਤਰੱਕੀ ਕਰ ਲਈ ਹੈ। ਪੁਲਾੜ ਗਾਹ ਲਿਆ ਹੈ। ਕੀ ਫਾਇਦਾ ਹੈ ਇਹਨਾਂ ਸਭ ਤਕਨੀਕਾਂ ਦਾ ਜੋ ਮਨੁੱਖ ਨੂੰ ਅਜੇ ਵੀ ਮਨੁੱਖ ਨੇ ਬਣਾ ਸਕੀਆਂ। ਸਾਰੀ ਮਨੁੱਖਤਾ ਵਿੱਚ ਜੇ ਇੱਕ ਵੀ ਸ਼ੈਤਾਨ ਜਿਉਂਦਾ ਹੈ ਤਾਂ ਮਨੁੱਖਤਾ ਖਤਰੇ ਵਿੱਚ ਹੈ। ਜੇਕਰ ਮਨੁੱਖ ਨੂੰ ਮਨੁੱਖ ਦੀ ਤਰ੍ਹਾਂ ਨਹੀਂ ਦੇਖਿਆ ਜਾਂਦਾ ਉਸਦੇ ਨਾਂ,ਲਿਬਾਸ ਤੇ ਚਿਹਰੇ ਤੋਂ ਪਛਾਣਿਆ ਜਾਂਦਾ ਹੈ ਤਾਂ ਸੰਸਾਰ ਵਿਚਲੇ ਅਨੇਕਾਂ ਹੀ ਮਜ਼ਹਬ ਅਸਫਲ ਹੋਏ ਹਨ। ਬਹੁਤ ਜਰੂਰੀ ਹੈ ਕਿ ਅਸੀਂ ਅਜਿਹੇ ਨਾਜ਼ੁਕ ਮੌਕਿਆਂ ਤੇ ਆਪਸੀ ਸਦਭਾਵ ਨੂੰ ਬਣਾਏ ਰੱਖੀਏ। ਆਪਣੇ ਨਾਲੋਂ ਟੁੱਟਿਆ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰੀਏ। ਮਨੁੱਖ ਹੋਣ ਦਾ ਫਰਜ਼ ਪਛਾਣੀਏ। ਇਸ ਗੱਲ ਨੂੰ ਸਮਝ ਲਈਏ ਕਿ ਮਨੁੱਖ ਦੇ ਦਰਦ ਨੂੰ ਮਹਿਸੂਸ ਕਰੀਏ। ਦਰਦ ਦਾ ਕੋਈ ਮਜਹਬ ਨਹੀਂ ਹੁੰਦਾ। ਦਰਦ ਸਿਰਫ ਦਰਦ ਹੁੰਦਾ ਹੈ। ਮਨੁੱਖਤਾ ਦੇ ਭਲੇ ਲਈ ਸਿਰਫ ਅਰਦਾਸ ਨਾ ਕਰੀਏ। ਧਰਮ ਦੇ ਮਰਮ ਨੂੰ ਪਛਾਣੀਏ। ਪ੍ਰੇਮ ਦੇ ਢਾਈ ਅੱਖਰ ਨੂੰ ਪੜ ਲਈਏ। ਇਹੀ ਸਾਰੇ ਮਜ਼ਹਬ ਸਿਖਾਉਂਦੇ ਹਨ।



**ਹਰਪ੍ਰੀਤ ਕੌਰ ਸੰਧੂ**

# ਡੂੰਘਾ ਵਾਅ ਲੈ ਹ਼ਲ ਵੇ, ਤੇਰੀ ਘਰੇ ਨੌਕਰੀ

ਕੋਈ ਵੇਲਾ ਸੀ ਜਦੋਂ ਕਿਸਾਨ ਪੀੜੀ ਦਰ ਪੀੜੀ ਨੌਕਰੀ ਤੇ ਵਪਾਰ ਨੂੰ ਦਰਕਿਨਾਰ ਕਰਕੇ ਖੇਤੀ ਨੂੰ ਤਰਜ਼ੀਹ ਦਿੰਦੇ ਸਨ।ਅਨੇਕਾ ਗੀਤ ਤੇ ਕਹਾਵਤਾਂ ਸੁਣਨ ਨੂੰ ਮਿਲਦੀਆਂ ਸਨ।ਜਿਵੇਂ ਕਿ ਡੂੰਘਾ ਵਾਅ ਲੈ ਹ਼ਲ ਵੇ,ਤੇਰੀ ਘਰੇ ਨੌਕਰੀ ਜਾਂ ਉਤਮ ਖੇਤੀ,ਮੱਧਮ ਵਪਾਰ ਆਦਿ । ਖੁੱਲ੍ਹੀਆਂ ਜ਼ਮੀਨਾਂ,ਘੱਟ ਲਾਗਤ ਖਰਚਾ,ਸੀਮਤ ਲੋੜ੍ਹਾਂ ਅਤੇ ਅਜ਼ਾਦ ਬਿਰਤੀ ਦੇ ਮਾਲਕ ਹੋਣ ਕਰਕੇ ਕਿਸਾਨ ਵਪਾਰ ਤੇ ਨੌਕਰੀ ਨੂੰ ਗੁਲਾਮੀ ਦਾ ਪ੍ਰਤੀਕ ਸਮਝਦੇ ਸਨ। ਜੱਟ ਦੇ ਪੁੱਤ ਨੂੰ ਹੱਟੀ ਪਾਉਣੀ ਮਿਹਣਾ ਗਿਣਿਆ ਜਾਂਦਾ ਸੀ।ਇਹ ਉਹਨਾਂ ਦੇ ਇੱਜਤ ਮਾਣ ਨੂੰ ਵੀ ਨਹੀਂ ਛਿਟਾਉਂਦੀ ਸੀ।ਖੁੱਲ ਦਿਲਾ ਬੰਦਾ,ਜੱਟਕਾ ਸੁਭਾਅ ਹੱਟੀ 'ਚ ਕਾਮਯਾਬ ਨਹੀਂ ਹੋ ਸਕਦਾ ਹੈ।ਹੱਟੀ ਹਮੇਸ਼ਾ ਬੂੰਦ-ਬੂੰਦ ਨਾਲ ਸਮੁੰਦਰ ਭਰਨ ਦੀ ਅਖੌਤ ਤੇ ਕਿਰਸ ਕਰ ਕੇ ਚਲਦੀ ਹੈ ਤੇ "ਚੱਲ ਉਹ ਜਾਣੈ " ਵਾਲਾ ਬੰਦਾ ਹੱਟ ਜਾਂ ਮੌਡਰਨ ਜ਼ਮਾਨੇ ਅਨੁਸਾਰ ਕਹਿਣਾ ਹੋਵੇ ਤਾਂ ਬਿਜ਼ਨਸ 'ਚ ਕਾਮਯਾਬ ਨਹੀਂ ਹੋ ਸਕਦਾ। ਬਲਦਾਂ ਤੇ ਬੋਤਿਆਂ ਨਾਲ ਹੁੰਦੀ ਖੇਤੀ ਦੇ ਢੰਗ-ਤਰੀਕੇ ਬਹੁਤ ਅਸਾਨ ਹੁੰਦੇ ਸਨ।ਕਿਸਾਨਾਂ ਕੋਲ ਖੁੱਲ੍ਹੀਆਂ ਜ਼ਮੀਨਾਂ ਹੋਣ ਕਰਕੇ ਹਰ ਕੋਈ ਘੱਟੋ-ਘੱਟ ਅੱਧੀ ਜ਼ਮੀਨ ਸਾਣਵੀਂ ਰੱਖਦਾ ਸੀ।ਡੂੰਘੀ ਧਸਦੀ ਕਾਠ ਹ਼ਲ ਦੀ ਚੌ ,ਰੰਦੇ ਅਤੇ ਉਲਟਾਵੇਂ ਹ਼ਲ ਨਾਲ ਵਾਰ-ਵਾਰ ਵਾਹੀ ਜ਼ਮੀਨ 'ਚ ਕੱਖ-ਕੰਢਾ,ਘਾਹ-ਫੂਸ ਵਿੱਚੇ ਵਾਹੇ ਜਾਣ ਕਰਕੇ ਉਪਜਾਊ ਸ਼ਕਤੀ 'ਚ ਬਹੁਤ ਵਾਧਾ ਕਰਦਾ ਸੀ।ਸਾਣਵੀਂ ਜ਼ਮੀਨ ਦਾ ਝਾੜ ਆਮ ਨਾਲੋਂ ਜਿਆਦਾ ਨਿਕਲਦਾ ਅਤੇ ਕਿਸਾਨਾਂ ਦੇ ਘਰ ਦਾਣਿਆਂ ਨਾਲ ਭਰ ਜਾਂਦੇ।ਕਿਸਾਨ ਦੇਸੀ ਬੀਜ਼,ਦੇਸੀ ਰੂੜੀ ਦੀ ਖਾਦ ਦੀ ਵਰਤੋਂ ਤੱਕ ਹੀ ਸੀਮਤ ਹੁੰਦੇ ਸਨ।ਜਿਹੜੀ ਖਪਲੀ ਅਤੇ ਮੋਤੀ ਕਣਕ,ਔਰਗੈਨਿਕ ਦਾਲਾਂ ਸ਼ਬਜੀਆਂ ਗੰਡਾ-ਟੋਟਾ ਆਦਿ ਅਸੀਂ ਮਹਿੰਗੇ ਮੁੱਲ ਲੈ ਕੇ ਆਪਣੇ ਸਰੀਰ ਨੂੰ ਤੰਦਰੁਸਤ ਰੱਖਣ ਦਾ ਯਤਨ ਕਰ ਰਹੇ ਹਾਂ,ਉਹਨਾਂ ਦੀ ਉਪਜ ਹਰ ਕਿਸਾਨ ਦੇ ਖੇਤਾਂ ਵਿੱਚ ਆਮ ਹੀ ਹੁੰਦੀ ਸੀ। ਫਸਲ ਦੀ ਭਰਭੂਰ ਉਪਜ , ਕਿਸਾਨਾਂ ਦੀਆਂ ਲੋੜ੍ਹਾਂ ਨੂੰ ਪੂਰਾ ਕਰਦੀ ਸੀ। ਕਿਸਾਨ ਵਿਟਾਂਦਰੇ ਦੇ ਰਸਮੋ-ਰਿਵਾਜ ਅਨੁਸਾਰ ਇੱਕ -ਦੂਜੇ ਨਾਲ ਫਸਲਾਂ ਦਾ ਲੈਣ-ਦੇਣ ਕਰਦੇ ਸਨ।ਇਸ ਨਾਲ ਬਜ਼ਾਰ ਚੋਂ ਖਰੀਦਦਾਰੀ ਘੱਟ ਹੁੰਦੀ ਸੀ ਜਿਸ ਕਰਕੇ ਨਕਦ ਭੁਗਤਾਨ ਦੀ ਲੋੜ੍ਹ ਨਹੀਂ ਸੀ ਹੁੰਦੀ।ਕਿਸਾਨਾਂ ਦੇ ਆੜਤੀਆਂ ਨਾਲ ਸੰਬੰਧ ਨਿੱਘੇ ਹੁੰਦੇ ਸਨ ਜਿਹ ਕਰਕੇ ਉਹ ਹਮੇਸ਼ਾ ਉਹਨਾਂ ਨੂੰ ਠੀਕ ਸਲਾਹ ਦਿੰਦੇ ਸਨ ਤੇ ਬੇਲੋੜੇ ਖਰਚੇ ਤੋਂ ਵਰਜਦੇ ਸਨ।ਇਸ ਕਾਰਣ ਕਿਸਾਨ ਕਰਜੇ ਅਤੇ ਉਧਾਰ -ਸੁਧਾਰ ਦੇ ਮੱਕੜਜਾਲ ਤੋਂ ਬਚੇ ਰਹਿੰਦੇ ਸਨ।ਬੈਂਕ ਤੋਂ ਕਰਜਾ ਲੈਣਾ ਤਾਂ ਕਿਸਾਨ ਆਪਣੀ ਹੱਤਕ ਸਮਝਦਾ ਸੀ । ਜੇ ਅਸੀਂ ਥੋੜ੍ਹਾ ਪਿਛਾਂਹ ਝਾਤ ਮਾਰਦੇ ਹਾਂ ਬੈਂਕ ਐਨੇ ਆਮ ਵੀ ਨਹੀਂ ਸਨ ਅਤੇ ਨਾ ਹੀ ਉਹਨਾਂ ਦੀ ਇਸ ਤਰ੍ਹਾਂ ਦੀ ਕੋਈ ਪਾਲਿਸੀ ਹੁੰਦੀ ਸੀ।

ਫੇਰ ਇੱਕ ਵੇਲਾ ਹਰੀ ਕ੍ਰਾਂਤੀ ਦਾ ਆਇਆ।ਉਪਜ ਵਧਾਉਣ ਦੇ ਉਪਰਾਲੇ ਵਜੋਂ ਕਿਸਾਨਾਂ ਨੂੰ ਸੋਧੇ ਹੋਏ ਬੀਜ਼,ਰਸਾਇਣਕ ਖਾਦਾਂ ਤੇ ਕੀਟਨਾਸ਼ਕ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।ਕਿਸਾਨ ਆਪਣੇ ਦੇਸੀ ਢੰਗ-ਤਰੀਕੇ,ਦੇਸੀ ਖਾਦ,ਦੇਸੀ ਬੀਜ਼ (ਜਿੰਨ੍ਹਾਂ ਵੱਲ ਅਸੀਂ ਦੁਬ-ਾਰਾ ਮੋੜ ਕੱਟਿਆ ਹੈ) ਤੋਂ ਦੂਰ ਹੁੰਦੇ ਗਏ। ਵੱਧ ਝਾੜ ਦੇ ਲਾਲਚ 'ਚ ਕਿਸਾਨ ਆਪਣੀਆਂ ਜ਼ਮੀਨਾਂ ਦੀ ਦੇਹੀ ਰੋਗੀ ਕਰ ਬੈਠੇ।ਸੁਧਰੇ ਬੀਜਾਂ ਤੋਂ ਬਾਅਦ ਹਾਈਬ੍ਰਿਡ ਬੀਜ਼ ਆਏ,ਉਹਨਾਂ ਨੇ ਵੀ ਉਪਜ ਵਧਾਈ ਪਰ ਕੁੱਝ ਸੀਮਤ ਸਮੇਂ ਤੱਕ। ਕਿਸਾਨਾਂ ਨੇ ਵਾਧੂ ਉਪਜ ਨੂੰ ਦੇਖਦੇ ਹੋਏ ਆਪਣੇ ਖਰਚਿਆਂ 'ਚ ਵਾਧਾ ਕੀਤਾ।ਲਗਜ਼ਰੀ ਜੀਵਨ ਜਿਉਣਾ ਸੁਰੂ ਹੋਇਆ।ਖੇਤਾਂ ਵਿੱਚ ਬਲਦਾਂ,ਬੋਤਿਆਂ ਦੀ ਥਾਂ ਟਰੈਕਟਰ,ਕੰਬਾਈਨ ਤੇ ਹੋਰ ਮਹਿੰਗੀ ਮਸ਼ੀਨਰੀ ਦੀ ਵਰਤੋਂ ਹੋਣ ਲੱਗੀ।ਲੋਕਾਂ ਨੇ ਰੀਸੋ-ਰੀਸੀ ਵੱਡੇ ਟਰੈਕਟਰ ਖਰੀਦਣਾ ਸੁਰੂ ਕੀਤੇ ਜਿੰਨ੍ਹਾਂ ਦੀ ਜ਼ਮੀਨ ਦੀ ਪੈਮਾਇਸ਼ ਅਨੁਸਾਰ ਲੋੜ ਨਹੀਂ ਸੀ।ਖੇਤੀ ਮਸ਼ੀਨਰੀ ਨੇ ਲੇਬਰ ਦੀ ਘਟਾਈ ਕੀਤੀ ਜਿਸ ਕਰਕੇ ਮਜ਼ਦੂਰਾਂ ਦਾ ਕੰਮ ਘੱਟਣ ਲੱਗਿਆ। ਉਹਨਾਂ ਨੇ ਪਿੰਡਾਂ ਤੋਂ ਸ਼ਹਿਰਾਂ ਵੱਲ ਰੁੱਖ ਕੀਤਾ ਜਿੱਥੇ ਉਹ ਮਜ਼ਦੂਰੀ ਦੇ ਨਾਲ-ਨਾਲ ਛੋਟੀ-ਮੋਟੀ ਨੌਕਰੀ ਕਰਨ ਲੱਗੇ। ਸਿੱਖਿਆ ਦਾ ਪ੍ਰਸਾਰ ਤੇ ਹਰੀ ਕ੍ਰਾਂਤੀ ਅੱਗੜ-ਪਿੱਛੜ ਆਏ।ਪਿੰਡਾਂ ਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਪੜਾਈ-ਲਿਖਾਈ 'ਚ ਪਾਇਆ ਤੇ ਉਹ ਨੌਕਰੀਆਂ ਕਰਨ ਲੱਗੇ।ਸੋ ਇਸ ਤਰ੍ਹਾਂ ਮਜ਼ਦੂਰ ਵਰਗ ਦਾ ਪਿੰਡਾਂ ਚੋਂ ਸ਼ਹਿਰਾਂ ਵੱਲ ਰੱਖ ਕਰਨਾ ਤੇ ਬੱਚਿਆਂ ਨੇ ਖੇਤੀ ਛੱਡ ਕੇ ਨੌਕਰੀ 'ਚ ਪੈਣ ਕਾਰਣ ਖੇਤੀ ਦਾ ਪਹਿਲਾਂ ਵਾਲਾ ਸਰੂਪ ਨਾ ਰਿਹਾ ।ਖੇਤੀ ਲਾਹੇਬੰਦ ਤੌਂ ਘਾਟਾ ਦਾ ਸੌਦਾ ਸਮਝੀ ਜਾਣ ਲੱਗੀ।ਸੋ ਇਸ ਕਰਕੇ ਇਹ ਗੱਲ ਵੀ ਕਿਧਰ ਗੁੰਮ ਗਈ ,ਡੂੰਘਾ ਵਾਅ ਲੈ ਹ਼ਲ ਵੇ ,ਤੇਰੀ ਘਰੇ ਨੌਕਰੀ।



ਫਲੇਲ ਸਿੰਘ ਸਿੱਧੂ









# ਪਹਿਲੀ ਅੰਬੇਡਕਰ ਜਯੰਤੀ ਨੂੰ ਯਾਦ ਕਰਦੇ ਹੋਏ - 14 ਅਪ੍ਰੈਲ, 1928



**ਸਮਾਜ ਵੀਕਲੀ ਯੂ ਕੇ-**
**ਦੁਆਰਾ- ਵਿਕਾਸ ਕੁਮਾਰ**

ਭਾਰਤ ਸਰਕਾਰ ਵੱਲੋਂ ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਨ ਨੂੰ "ਸਮਾਨਤਾ ਦਿਵਸ" ਵਜੋਂ ਮਨਾਉਣ ਨਾਲ ਇਹ ਸਪੱਸ਼ਟ ਹੈ ਕਿ ਅੰਬੇਡਕਰ ਨੂੰ ਯਾਦ ਕਰਨਾ ਭਾਰਤੀ ਰਾਜਨੀਤੀ ਦਾ ਇੱਕ ਜ਼ਰੂਰੀ ਤੱਤ ਬਣ ਗਿਆ ਹੈ। ਇਸ ਸਾਲ 14 ਅਪ੍ਰੈਲ ਨੂੰ, ਭਾਰਤ ਦੀਆਂ ਸਰਹੱਦਾਂ ਦੇ ਅੰਦਰ ਅਤੇ ਦੁਨੀਆ ਭਰ ਦੇ ਵੱਖ-ਵੱਖ ਸ਼ਹਿਰ, ਦਿੱਲੀ ਤੋਂ ਲੰਡਨ ਅਤੇ ਭੋਪਾਲ ਤੋਂ ਟੋਰਾਂਟੋ ਤੱਕ, ਡਾ. ਬੀ. ਆਰ. ਅੰਬੇਡਕਰ ਦੀ ਯਾਦ ਮਨਾ ਰਹੇ ਹਨ। ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਅਤੇ ਜਾਤੀ ਵਿਤਕਰੇ ਵਿਰੁੱਧ ਇੱਕ ਬਹਾਦਰ ਯੋਧਾ - ਅੰਬੇਡਕਰ ਦੇ ਸਨਮਾਨ ਵਿੱਚ ਗੀਤ, ਭਾਸ਼ਣ, ਜਲੂਸ ਅਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਅੱਜ ਕੱਲ੍ਹ, ਸਰਕਾਰ, ਕੇਂਦਰ ਅਤੇ ਰਾਜ ਅਤੇ ਇੱਥੋਂ ਤੱਕ ਕਿ ਫਾਸ਼ੀਵਾਦੀ ਵਿਚਾਰਧਾਰਕ ਮਸ਼ੀਨਰੀ ਜੋ ਅੰਬੇਡਕਰ ਨੂੰ ਪਸੰਦ ਨਹੀਂ ਕਰਦੀ ਸੀ, ਅੰਬੇਡਕਰ ਦੇ ਜਨਮਦਿਨ ਨੂੰ ਇੱਕ ਪ੍ਰਤੀਕ ਹਸਤੀ ਵਜੋਂ ਮਨਾਉਣ ਵਿੱਚ ਰੁੱਝੀ ਹੋਈ ਹੈ। ਹਾਲਾਂਕਿ, ਰਾਜ ਪੱਧਰੀ ਘੋਸ਼ਣਾਵਾਂ ਅਤੇ ਸ਼ਾਨਦਾਰ ਜਸ਼ਨ ਇਸ ਦਿਨ ਦਾ ਆਧਾਰ ਨਹੀਂ ਹਨ ਪਰ ਦਲਿਤਾਂ ਦੁਆਰਾ ਲਗਭਗ ਇੱਕ ਸਦੀ ਪਹਿਲਾਂ ਕੀਤੇ ਗਏ ਜ਼ਮੀਨੀ ਪੱਧਰ ਦੇ ਉਪਰਾਲੇ ਇਸਦੇ ਪਿੱਛੇ ਪ੍ਰੇਰਨਾ ਹਨ। ਇਹ ਉਨ੍ਹਾਂ ਦਾ ਦਲਿਤ ਭਾਈਚਾਰਾ ਅਤੇ ਸਿਧਾਂਤ ਸਨ ਜਿਨ੍ਹਾਂ ਨੇ ਉਨ੍ਹਾਂ ਦੀ ਯਾਦ, ਵਿਰਾਸਤ ਅਤੇ ਕੰਮਾਂ ਨੂੰ ਅਧਿਕਾਰਤ ਮਾਨਤਾ ਤੋਂ ਬਹੁਤ ਪਹਿਲਾਂ ਜ਼ਿੰਦਾ ਰੱਖਿਆ ਸੀ ਅਤੇ ਇਹ 1928 ਵਿੱਚ ਹੋਏ ਇੱਕ ਸਧਾਰਨ ਪਰ ਸ਼ਕਤੀਸ਼ਾਲੀ ਸਮਾਰੋਹ ਤੋਂ ਸਪੱਸ਼ਟ ਹੁੰਦਾ ਹੈ।

### ਡਾ. ਅੰਬੇਡਕਰ ਦਾ ਆਗਮਨ

1920 ਦੇ ਦਹਾਕੇ ਤੱਕ, ਡਾ. ਅੰਬੇਡਕਰ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਸੀ ਅਤੇ ਦਲਿਤਾਂ ਅਤੇ ਭਾਰਤੀ ਸਮਾਜ ਦੇ ਪਛੜੇ ਵਰਗਾਂ ਦੇ ਅਧਿਕਾਰਾਂ ਲਈ ਸੰਘਰਸ਼ ਵਿੱਚ ਡੂੰਘਾਈ ਨਾਲ ਸ਼ਾਮਲ ਹੋ ਗਏ ਸਨ। 1920 ਵਿੱਚ, ਉਸਨੇ ਹਫ਼ਤਾਵਾਰੀ ਮੂਕ ਨਾਇਕ (ਸਾਈਲੈਂਟ ਲੀਡਰ) ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਅਤੇ ਬੰਬੇ ਹਾਈ ਕੋਰਟ ਵਿੱਚ ਵਕੀਲ ਵਜੋਂ ਵੀ ਕੰਮ ਕੀਤਾ। ਜਦੋਂ ਬ੍ਰਿਟਿਸ਼ ਸਰਕਾਰ ਨੇ ਭਾਰਤੀਆਂ ਦੀ ਸਰਕਾਰ ਵਿੱਚ ਭਾਗੀਦਾਰੀ ਲਈ ਪ੍ਰਯੋਗ ਸ਼ੁਰੂ ਕੀਤੇ, ਤਾਂ ਉਹ ਸਾਈਮਨ ਕਮਿਸ਼ਨ ਦਾ ਹਿੱਸਾ ਬਣ ਗਏ ਅਤੇ ਸਮਾਜਿਕ ਮੁਕਤੀ ਨੂੰ ਦੇਸ਼ ਦੀ ਰਾਜਨੀਤਿਕ ਮੁਕਤੀ (ਆਜ਼ਾਦੀ) ਨਾਲ ਜੋੜਿਆ। ਉਸਨੇ ਆਪਣੀਆਂ ਮੰਗਾਂ ਸਾਈਮਨ ਕਮਿਸ਼ਨ ਅੱਗੇ ਰੱਖੀਆਂ ਅਤੇ ਫਿਰ ਗੋਲਮੇਜ਼ ਕਾਨਫਰੰਸ ਵਿੱਚ ਗਏ। ਡਾ. ਅੰਬੇਡਕਰ ਨੇ ਬੰਬਈ ਵਿਧਾਨ ਪ੍ਰੀਸ਼ਦ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ ਅਤੇ ਜਣੇਪਾ ਛੁੱਟੀ ਦੀ ਵਿਵਸਥਾ, ਫੈਕਟਰੀ ਕਾਮਿਆਂ ਵਿੱਚ ਸੁਧਾਰ ਅਤੇ ਬਦਨਾਮ 'ਖੋਟੀ' ਪ੍ਰਣਾਲੀ ਨੂੰ ਖਤਮ ਕਰਨ ਵਰਗੇ ਕਾਨੂੰਨ ਬਣਾ ਕੇ ਮਹੱਤਵਪੂਰਨ ਯਤਨ ਕੀਤੇ। ਇਸ ਦਹਾਕੇ (1920 ਤੋਂ 1930) ਤੱਕ, ਭਾਰਤੀ ਲੋਕ, ਖਾਸ ਕਰਕੇ ਦਲਿਤ ਅਤੇ ਨੀਵੀਆਂ ਜਾਤਾਂ, ਡਾ. ਅੰਬੇਡਕਰ ਨੂੰ ਦੇਸ਼ ਵਿੱਚ ਸਮਾਜਿਕ ਬੁਰਾਈਆਂ ਵਿਰੁੱਧ ਸਭ ਤੋਂ ਵੱਡੀ ਆਵਾਜ਼ ਵਜੋਂ ਪਛਾਣਨ ਲੱਗ ਪਏ। ਪਰ ਉਸਦੇ ਜਨਮਦਿਨ ਨੂੰ ਕੋਈ ਰਸਮੀ ਤੌਰ 'ਤੇ ਨਹੀਂ ਮਨਾਇਆ ਗਿਆ।

### ਪਹਿਲੀ ਅੰਬੇਡਕਰ ਜਯੰਤੀ

ਖੜਕੀ ਪੁਣੇ ਦਾ ਇੱਕ ਛਾਉਣੀ ਵਾਲਾ ਸ਼ਹਿਰ ਹੈ, ਜਿੱਥੇ ਦਲਿਤਾਂ ਨੇ 1928 ਤੋਂ ਹਰ ਸਾਲ ਬਾਬਾ ਸਾਹਿਬ ਦੇ ਜਨਮ ਦਿਨ ਨੂੰ ਅੰਬੇਡਕਰ ਜਯੰਤੀ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਹੌਲੀ-ਹੌਲੀ, ਇਹ ਖਿੰਡੇ ਹੋਏ ਯਤਨ ਇਕੱਠੇ ਹੋਏ ਅਤੇ ਇਹਨਾਂ ਸਮਾਗਮਾਂ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਇੱਕ ਰਸਮੀ 'ਦਲਿਤ ਮੰਡਲ' ਬਣਾ ਕੇ ਇੱਕ ਹੋਰ ਢਾਂਚਾਗਤ ਢਾਂਚਾ ਬਣਾਇਆ। ਜਨਾਰਦਨ ਭਾਉਸਾਹਿਬ ਸਦਾਸ਼ਿਵ ਰਣਪੀਸੇ ਨੂੰ ਵਿਆਪਕ ਤੌਰ 'ਤੇ ਉਸ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ ਜਿਸ ਨੇ ਸਭ ਤੋਂ ਪਹਿਲਾਂ 14 ਅਪ੍ਰੈਲ ਨੂੰ ਖੜਕੀ, ਪੁਣੇ ਵਿੱਚ ਡਾ. ਅੰਬੇਡਕਰ ਜਯੰਤੀ ਵਜੋਂ ਮਨਾਉਣਾ ਸ਼ੁਰੂ ਕੀਤਾ ਸੀ।

ਰਣਪਿਸੇ 'ਖੜਕੀ ਪੱਤਰ ਵਿਭਾਗ ਦਲਿਤ ਮੰਡਲ' ਦੇ ਪ੍ਰਧਾਨ ਸਨ ਅਤੇ ਪੁਣੇ ਦੇ ਖੜਕੀ ਕਸਬੇ ਵਿੱਚ ਉਨ੍ਹਾਂ ਨੇ ਬਾਬਾ ਸਾਹਿਬ ਦੇ ਜੀਵਨ ਨੂੰ ਇਸ ਤਰੀਕੇ ਨਾਲ ਮਨਾਉਣ ਦਾ ਪਹਿਲਾ ਕਦਮ ਚੁੱਕਿਆ ਜੋ ਇੱਕੋ ਸਮੇਂ ਸ਼ਰਧਾ ਅਤੇ ਸਨਮਾਨ ਨਾਲ ਭਰਪੂਰ ਸੀ। ਆਪਣੇ ਹੋਰ ਮੈਂਬਰਾਂ ਦੇ ਨਾਲ ਉਸਨੇ ਡਾ. ਅੰਬੇਡਕਰ ਦੀ ਤਸਵੀਰ ਨੂੰ ਹਾਥੀ ਦੇ ਪਿੰਜਰੇ ਵਿੱਚ ਰੱਖਿਆ ਅਤੇ ਡਾ. ਅੰਬੇਡਕਰ ਦੇ ਪੈਰੋਕਾਰਾਂ ਦਾ ਇੱਕ ਜਲੂਸ ਇਕੱਠਾ ਹੋਇਆ। ਇਕੱਠੇ ਹੋਣ ਤੋਂ ਬਾਅਦ, ਉਨ੍ਹਾਂ ਦੀ ਅਗਵਾਈ ਹੇਠ ਜਲੂਸ ਸ਼ਹਿਰ ਦੇ ਮਹੱਤਵਪੂਰਨ ਖੇਤਰਾਂ ਵਿੱਚੋਂ ਲੰਘਿਆ, ਜਿਵੇਂ ਕਿ ਪ੍ਰਭਾਤ ਫਿਲਮ ਕੰਪਨੀ ਦੇ ਸਾਹਮਣੇ। ਭਾਈਚਾਰਕ ਯਾਦ ਕਈ ਸਾਲਾਂ ਤੋਂ ਦਲਿਤ ਭਾਈਚਾਰਾ ਅੰਬੇਡਕਰ ਜਯੰਤੀ ਨੂੰ ਮਾਣ ਨਾਲ ਮਨਾਉਂਦਾ ਆ ਰਿਹਾ ਹੈ। ਉਨ੍ਹਾਂ ਨੇ ਸਾਲ ਦਰ ਸਾਲ ਅੰਬੇਡਕਰ ਜਯੰਤੀ ਦੀ ਵਿਰਾਸਤ ਨੂੰ ਕਾਇਮ ਰੱਖਿਆ ਹੈ। ਪੀਪਲਜ਼ ਐਜੂਕੇਸ਼ਨ ਅਤੇ ਬੁੱਧਿਸਟ ਵੈਲਫੇਅਰ ਸੋਸਾਇਟੀ ਵਰਗੀਆਂ ਸੰਸਥਾਵਾਂ 14 ਅਪ੍ਰੈਲ ਨੂੰ ਮਨਾ ਰਹੀਆਂ ਹਨ, ਜਦੋਂ ਡਾ. ਅੰਬੇਡਕਰ ਨੂੰ ਘੱਟ ਧਿਆਨ ਦਿੱਤਾ ਗਿਆ ਸੀ। ਦਲਿਤ ਇਲਾਕਿਆਂ ਜਿਨ੍ਹਾਂ ਵਿੱਚ ਬਿਜਲੀ ਨਹੀਂ ਸੀ, ਨੇ ਆਪਣੇ ਜੀਵਨ ਵਿੱਚ ਇੱਕ ਚੰਗਿਆੜੀ ਜਗਾਉਣ ਲਈ ਡਾ. ਅੰਬੇਡਕਰ ਜਯੰਤੀ ਮਨਾਈ। ਉਨ੍ਹਾਂ ਨੇ ਜਲੂਸ ਕੱਢੇ, ਭਜਨ ਗਾਏ, ਭਾਸ਼ਣ ਦਿੱਤੇ ਅਤੇ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਇਆ। ਇਹ ਜਸ਼ਨ ਉਨ੍ਹਾਂ ਲਈ ਸਿਰਫ਼ ਇੱਕ ਜਸ਼ਨ ਤੋਂ ਵੱਧ ਸੀ; ਇਹ ਉਸ ਸਮਾਜ ਦੇ ਵਿਰੁੱਧ ਅਵੱਗਿਆ, ਸੱਭਿਆਚਾਰਕ ਮਾਣ ਅਤੇ ਵਿਰੋਧ ਦਾ ਕੰਮ ਸੀ ਜੋ ਉਨ੍ਹਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

### ਇੱਕ ਜਿਉਂਦੀ ਵਿਰਾਸਤ

ਹੁਣ ਜਦੋਂ ਰਾਜ ਸੰਸਥਾ ਅਤੇ ਦੁਨੀਆ ਅੰਬੇਡਕਰ ਜਯੰਤੀ ਦੇ ਜਸ਼ਨ ਦੀ ਸ਼ਲਾਘਾ ਕਰ ਰਹੀ ਹੈ, ਤਾਂ ਯਾਦਗਾਰ ਦੀ ਉਤਪਤੀ 'ਤੇ ਵਿਚਾਰ ਕਰਨਾ ਉਚਿਤ ਹੈ। ਹਰੀਜਨ ਕਲੋਨੀਆਂ, ਬੁੱਧ ਵਿਹਾਰਾਂ ਅਤੇ ਦਲਿਤ ਵਾੜਿਆਂ ਦੀਆਂ ਤੰਗ ਗਲੀਆਂ ਵਿੱਚ ਨਿਕਲਣ ਵਾਲੇ ਜਲੂਸ, ਜਿਨ੍ਹਾਂ ਨੂੰ "ਗੰਦਾ" ਮੰਨਿਆ ਜਾਂਦਾ ਸੀ, ਹੁਣ ਵਿਸ਼ਵ ਪੱਧਰ 'ਤੇ ਛਾਏ ਹੋਏ ਹਨ। ਹਾਲਾਂਕਿ, ਉਸਦਾ ਸਾਰ ਅਜੇ ਵੀ 1928 ਵਿੱਚ ਪੁਣੇ ਦੇ ਖੜਕੀ ਦੀਆਂ ਗਲੀਆਂ ਵਿੱਚ ਰਹਿੰਦਾ ਹੈ। ਇਹ ਇੱਕ ਦਲਿਤ ਭਾਈਚਾਰੇ ਦੇ ਇੱਕ ਨੇਤਾ ਦੀ ਯਾਦ ਸੀ ਜਿਸਨੇ ਆਪਣੇ ਇਤਿਹਾਸ ਨੂੰ ਮਿਟਾਉਣਾ ਨਹੀਂ ਚੁਣਿਆ। ਇਸ ਤਰ੍ਹਾਂ, ਕਿਸੇ ਨੇ ਵੀ ਅੰਬੇਡਕਰ ਜਯੰਤੀ ਨੂੰ ਆਮ ਲੋਕਾਂ ਦੇ ਹਵਾਲੇ ਨਹੀਂ ਕੀਤਾ, ਅੰਬੇਡਕਰ ਜਯੰਤੀ ਜ਼ਮੀਨੀ ਪੱਧਰ ਦੇ ਯਤਨਾਂ ਦੁਆਰਾ ਬਣਾਈ ਗਈ ਸੀ। ਵਿਕਾਸ ਕੁਮਾਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਇਤਿਹਾਸਕ ਅਧਿਐਨ ਕੇਂਦਰ ਵਿੱਚ ਡਾਕਟਰੇਟ ਦਾ ਵਿਦਿਆਰਥੀ ਹੈ। ਉਸਦੇ ਅਧਿਐਨ ਜਾਤ ਦੀ ਪ੍ਰਤੀਨਿਧਤਾ, ਦ੍ਰਿਸ਼ਟੀਗਤ ਸੱਭਿਆਚਾਰ ਦੇ ਭੂਗੋਲ ਅਤੇ ਦਲਿਤ ਪਛਾਣ ਦੇ ਨਿਰਮਾਣ 'ਤੇ ਕੇਂਦ੍ਰਿਤ ਹਨ।

ਕ੍ਰੈਡਿਟ: countercurrents.org

# ਸਾਹਿਤ ਸਮਾਜ

## "ਕਾਰਨ ਦੱਸੋ ਨੋਟਿਸ"/'ਮਿੰਨੀ ਕਹਾਣੀ'

ਸਵੇਰੇ ਬਿਰਧ ਮਾਤਾ ਦੀ ਅਚਾਨਕ ਤਬੀਅਤ ਬਿਗੜ ਜਾਣ ਕਾਰਨ ਸੋਹਣ ਨੂੰ ਦਫ਼ਤਰ ਪੁੱਜਣ 'ਚ ਹੋਈ ਮਾਤਰ ਦਸ ਕੁ ਮਿੰਟ ਦੀ ਦੇਰੀ ਹੀ ਆਫਤ ਬਣ ਗਈ। ਅਚਣਚੇਤ ਚੈਕਿੰਗ ਦੌਰਾਨ ਉੱਚ ਅਧਿਕਾਰੀ ਵੱਲੋਂ ਡਿਊਟੀ 'ਚ ਕੁਤਾਹੀ ਵਰਤਣ ਦਾ ਕੱਢਿਆ ਕਾਰਨ ਦੱਸੋ ਨੋਟਿਸ ਸੋਹਣ ਨੂੰ ਆਪਣੀ ਹੁਣ ਤੱਕ ਦੀ ਪੂਰੀ ਤਨਦੇਹੀ, ਲਗਨ ਤੇ ਇਮਾਨਦਾਰੀ ਨਾਲ ਨਿਭਾਈ ਬੇਦਾਗ਼, ਸਾਫ-ਸੁਥਰੀ ਸਰਵਿਸ 'ਤੇ ਕਾਲਾ ਧੱਬਾ ਜਾਪਿਆ। ਨੋਟਿਸ ਦਾ ਤੱਥਾਂ ਦੇ ਆਧਾਰ ਤੇ ਸਹੀ ਵਾਜਬ ਜੁਆਬ ਦੇਣ ਦੇ ਬਾਵਜੂਦ ਵੀ ਵਿਭਾਗ ਦੇ ਕਟਹਿਰੇ 'ਚੋਂ ਸੋਹਣ ਦੀ ਅਜੇ ਤੱਕ ਖਲਾਸੀ ਨਹੀਂ ਸੀ ਹੋਈ। ਇਸੇ ਮਾਮਲੇ 'ਚ ਅੱਜ ਫਿਰ ਤਾਰੀਕ ਭੁਗਤਣ ਆਏ ਸੋਹਣ ਦੀ ਨਿਗ੍ਹਾ ਹਜੂਮ 'ਚ ਖੜ੍ਹੇ ਫੁੱਲਾਂ ਦੇ ਹਾਰਾਂ ਨਾਲ ਲੱਦੇ ਮੁਸਕੜੀ ਹੱਸਦੇ ਨੇਤਾ 'ਤੇ ਪਈ, ਜੋ ਪਿਛਲੀ ਵਾਰ ਜਨਤਾ ਨਾਲ ਵਾਅਦਾ ਖਿਲਾਫੀ ਕਰਨ ਦੇ ਬਾਵਜੂਦ ਆਪਣੇ ਖੁਰਾਫ਼ਾਤੀ ਦਿਮਾਗ ਨਾਲ ਜੋੜ-ਤੋੜ ਦੀ ਰਾਜਨੀਤੀ ਕਰਕੇ ਇਸ ਵਾਰ ਵੀ ਜਿੱਤਣ 'ਚ ਸਫ਼ਲ ਹੋ ਗਿਆ, ਤੇ ਅੱਜ ਚੌਕ 'ਚ ਧੂੰਮ-ਧੜੱਕੇ ਨਾਲ ਆਪਣੇ ਪਾਛੂਆਂ ਸਮੇਤ ਧੰਨਵਾਦੀ ਦੌਰਾ ਕਰਨ ਮੌਕੇ ਪੂਰੇ ਪੰਜ ਸਾਲਾਂ ਬਾਅਦ ਦਿਖਾਈ ਦਿੱਤਾ। "ਜਨਤਾ ਦੇ ਗਾੜ੍ਹੇ ਖੂਨ ਪਸੀਨੇ ਦੀ ਕਮਾਈ ਨਾਲ ਤਾਰੇ ਮਾਲੀਏ 'ਚੋਂ ਮੋਟੀਆਂ ਤਨਖਾਹਾਂ ਵਸੂਲ ਕੇ ਜਨਤਾ ਦੀ ਸੇਵਾ ਕਰਨ ਦੇ ਨਾਅ ਤੇ ਆਪਣੀ ਐਸ਼ੋ ਆਰਾਮ ਦੀ ਜ਼ਿੰਦਗੀ ਬਿਤਾਉਣ ਅਤੇ ਸਰਕਾਰੀ ਖਰਚੇ ਤੇ ਹਰ ਸੁੱਖ ਸਹੂਲਤ ਮਾਣਨ ਵਾਲੇ ਅਜਿਹੇ ਬੇਗੈਰਤ ਨੇਤਾ ਜੋ ਸ਼ਰੇਆਮ ਭੋਲੀ-ਭਾਲੀ ਜਨਤਾ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਨੇ, ਕੀ ਕੋਈ ਇੰਨ੍ਹਾਂ ਨੂੰ ਵੀ ਕਾਰਨ ਦੱਸੋ ਨੋਟਿਸ ਕੱਢਣ ਦਾ ਹੀਆ ਕਰ ਸਕਦੈ ?" ਬੇਹੱਦ ਨਿਰਾਸ਼ਾ ਦੇ ਆਲਮ 'ਚ ਆਪਣੇ ਆਪ ਨਾਲ ਗੱਲਾਂ ਕਰਦਾ ਸੋਹਣ ਦਫ਼ਤਰ ਦੀਆਂ ਪੌੜੀਆਂ ਚੜ੍ਹ ਗਿਆ।



'ਨੀਲ ਕਮਲ ਰਾਣਾ ਦਿੜ੍ਹਬਾ'
ਸੰਪਰਕ 9815171874

## ਕੌਣ ਲੜਾਈਆਂ ਕਰਦੇ ?

ਜਿਹੜੇ ਲੋਕ,ਲੜਾਈਆਂ ਕਰਦੇ, ਉਨ੍ਹਾਂ 'ਚ ਹੰਕਾਰ ਬੋਲਦਾ। ਤਾੜੀ ਦੋਵਾਂ ਹੱਥਾਂ ਨਾਲ ਵੱਜਦੀ,ਦੋਨਾਂ ਧਿਰਾਂ ਦਾ ਖ਼ੂਨ ਖੌਲਦਾ। ਮੁੱਛਾਂ ਨੂੰ ਤਾਅ ਦੇਈਂ ਫਿਰਦੇ, ਆਕੜ ਭੰਨ੍ਹਣੀ ਇੱਕ ਦੂਜੇ ਦੀ। ਅਕਲ ਟਿਕਾਣੇ ਲਿਆ ਦਿਊਂ, ਇਸ ਖੱਬੀਖਾਨ ਭੜਭੂੰਜੇ ਦੀ। ਹਥਿਆਰ ਤਿਆਰ- ਬਰ-ਤਿਆਰ ਰੱਖੇ, ਇੱਕ ਦੂਜੇ ਨੂੰ ਪਾਰ ਬੁਲਾਉਣ ਲਈ। ਅਜ ਪਰਖੀ ਜਾਊ ਘੜੀ, ਸਿੱਧੀ ਤਾਰ ਮਿਲਾਉਣ ਲਈ। ਹੰਕਾਰ ਦੇ ਭੰਬਿਆਂ ਵਿੱਚ, ਗੁੱਸਾ ਭਰਿਆ ਪੂਰਾ। ਸਾਨ੍ਹਾਂ ਦੇ ਭੇੜ ਵਿੱਚੋਂ, ਨਿਤਰੂ ਕਰਮੀ ਕੋਈ ਸੂਰਾ।

ਗੁਆਂਢੀ ਮੁਲਕ ਸਾਡਾ, ਸ਼ਰਾਰਤਾਂ ਕਰਨੋਂ ਨ੍ਹੀਂ ਹਟਦਾ। ਮਿਲਦੀ ਧਮਕੀ ਜਦੋਂ, ਝੂਠੇ-ਮੂਠੇ ਨਾਟਕ ਰੱਚਦਾ। ਮਾਨਵਵਾਦੀ ਸੋਚ, ਖੂੰਜੇ ਲਾ ਕੇ ਗਿੱਦੜ-ਭਬਕੀਆਂ ਮਾਰੇ। ਭਾਰਤ ਨੂੰ ਨਾਨਕੇ, ਯਾਦ ਕਰਾ ਦੇਵਾਂਗੇ,ਮਾਰਨ ਲਲਕਾਰੇ। ਮੋਦੀ ਸਾਬ੍ਹ ਦੀ,ਵਿਉਂਤਬੰਦੀ ਅੱਗੇ, ਝੱਗ ਵਾਂਗੂੰ ਬੈਠ ਗਏ। ਸਦਭਾਵਨਾ ਵਾਲੀ ਗੱਲ ਨ੍ਹੀਂ ਕਰਦੇ, ਨਾ ਉਨ੍ਹਾਂ ਨੂੰ ਕੋਈ ਹਮੈਤ ਦਏ। ਲੇਲੜੀਆਂ ਕੱਢਣ, ਅਮਰੀਕਾ ਤੇ ਚੀਨ ਅੱਗੇ, ਟਰੰਪ ਵਰਗੇ ਪੂੰਜੀਵਾਦੀ, ਅੰਦਰਖਾਤੇ, ਪੂਰਤੀ ਕਰਨ ਹਥਿਆਰਾਂ ਦੀ।ਭਾਰਤ ਨਾਲ ਵੀ, ਦਿਖਾਵਾ ਕਰੇ ਟਰੰਪ, ਖੋਟੀ ਹੁੰਦੀ ਦੋਸਤੀ,ਅਜਿਹੇ ਯਾਰਾਂ ਦੀ।

ਘਰਾਂ ਦੇ ਵਿੱਚ ਵੀ ਹੋਣ ਗ਼ਲਤਫਹਿਮੀਆਂ, ਮੂੰਹ ਮੋਟੇ ਹੋਏ ਰਹਿੰਦੇ। ਪਰਿਵਾਰ ਵਿੱਚ ਇੱਕ ਦੂਜੇ ਨੂੰ ਸਮਝਣ ਦੀ ਲੋੜ,ਸਾਰੇ ਰਲ ਮਿਲ ਖੁਸ਼ ਹੋ ਹੋ ਬਹਿੰਦੇ। ਕਠਨਾਈਆਂ ਇੱਕ ਦੂਸਰੇ ਦੀਆਂ ਸਮਝ ਕੇ, ਸਬਰ ਦਾ ਘੁੱਟ ਪੀ ਜਾਈਏ। ਬਦਲਾ ਲੈਣ ਦੀ ਭਾਵਨਾ, ਜੇ ਰੱਖੀਏ, ਸਾਰੀ ਉਮਰ ਦੁੱਖ ਪਾਈਏ।





ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ। ਫੋਨ ਨੰਬਰ : 9878469639




# AMBEDKAR INTERNATIONAL MISSION, LONDON

***Pays Homage To***

# THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

Sir Stephen Timms MP, Minister of State at the Department for Work and Pensions will be in attendance from 2 pm until 2:30 pm

## CHIEF GUEST




**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

## Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

## Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਵੈਨਕੂਵਰ ਚ ਹੋਈ ਮੈਰਾਥਨ ਦੌੜ ਚ 25 ਹਜਾਰ ਦੌੜਾਕਾਂ ਨੇ ਭਾਗ ਲਿਆ, 65 ਦੇਸ਼ਾਂ ਦੇ ਦੌੜਾਕਾਂ ਨੇ ਕੀਤੀ ਸ਼ਿਰਕਤ



ਮੈਂਰਾਥਨ ਦੌੜ ਦੀ ਇਕ ਝਲਕ
ਮੈਰਾਥਨ ਦੌੜ ਦੀ ਇੱਕ ਝਲਕ

**ਵੈਨਕੂਵਰ, ਮਈ (ਮਲਕੀਤ ਸਿੰਘ )**-ਕੈਨੇਡਾ ਦੇ ਮਹਾਨਗਰ ਵੈਨਕੂਵਰ ਚ ਐਤਵਾਰ ਨੂੰ ਬੀ.ਐਮ.ਓ ਵੈਨਕੂਵਰ ਮੈਰਾਥਨ ਦੌੜ ਚ ਤਕਰੀਬਨ 25 ਹਜਾਰ ਦੇ ਕਰੀਬ ਦੌੜਾਕਾ ਨੇ ਭਾਗ ਲਿਆ ਜੇਕਰ ਯੋਗ ਹੈ ਕਿ ਕਨੇਡਾ ਦੀ ਸਭ ਤੋਂ ਵੱਡੀ ਮੰਨੀ ਜਾਂਦੀ ਇਸ ਮੈਰਾਥਨ ਚ ਕੈਨੇਡਾ ਤੋਂ ਇਲਾਵਾ 65 ਦੇ ਕਰੀਬ ਦੂਸਰੇ ਮੁਲਕਾਂ ਦੇ ਦੌੜਾਕਾਂ ਨੇ ਬੜੇ ਹੀ ਉਤਸ਼ਾਹ ਅਤੇ ਦਿਲਚਸਪੀ ਨਾਲ ਸ਼ਮੂਲੀਅਤ ਕੀਤੀ। ਇਸ ਮੈਰਾਥਨ ਚ ਸ਼ਿਰਕਤ ਕਰਨ ਵਾਲਿਆਂ ਚ ਬੱਚੇ ,ਨੌਜਵਾਨ ਅਤੇ ਬਜ਼ੁਰਗ ਵੀ ਸ਼ਾਮਿਲ ਸਨ। 8 ਕਿਲੋਮੀਟਰ ਲੰਬੀ ਇਹ ਮੈਰਾਥਨ ਦੌੜ ਨੂੰ ਦੋ ਭਾਗਾਂ ਚ ਵੰਡਿਆ ਗਿਆ ਸੀ। ਇਹ ਦੌੜ ਕਵੀਨ ਐਲਜਾਬੈਥ ਪਾਰਕ ਤੋਂ ਸ਼ੁਰੂ ਹੋ ਕੇ ਸਟੈਨਲੀ ਪਾਰਕ ਰਾਹੀਂ ਹੁੰਦੀ ਹੋਈ ਪੈਡਰ ਸਟਰੀਟ ਨੇੜੇ ਖਤਮ ਹੋਈ ਇਸ ਮੈਰਾਥੋਨ ਦੌੜ ਦੇ ਮੱਦੇ ਨਜ਼ਰ ਆਮ ਰਾਹਗੀਰਾਂ ਦੀ ਟਰੈਫਿਕ ਵਿਵਸਥਾ ਨੂੰ ਨਿਰਵਿਘਨ ਚਲਦਾ ਰੱਖਣ ਲਈ ਬਦਲਵੇਂ ਰੂਟਾਂ ਦੀ ਵਿਉਂਦਬੰਦੀ ਕੀਤੀ ਗਈ ਸੀ। ਇਹ ਵੀ ਜ਼ਿਕਰਯੋਗ ਹੈ ਕਿ 1972 ਚ ਸ਼ੁਰੂ ਹੋਈ ਇਸ ਮੈਰਾਥਨ ਦੌੜ ਚ ਉਸ ਵੇਲੇ 32 ਦੌੜਾਕਾ ਨੇ ਭਾਗ ਲਿਆ ਸੀ ਜਦੋਂ ਕਿ ਹੁਣ ਇਸ ਚ ਭਾਗ ਲੈਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਦੌੜਾਕਾਂ ਤੀਕ ਪਹੁੰਚ ਗਈ ਹੈ।



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com